Postal No. - Jallandhar Vide No. L-4/PB/0196/Lobana Sewak/0196/2022-2023
Regd No. 32212/78

# ਲੁਬਾਣਾ ਸੇਵਕ

ਦਸੰਬਰ 2023 ਕੁੱਲ ਪੰਨੇ : 44 ਮਾਸਿਕ ਮੁੱਲ : 25/-

## ਬਾਬਾ ਮੱਖਣ ਸ਼ਾਹ ਲੁਬਾਣਾ ਫਾਊਂਡੇਸ਼ਨ ਵੱਲੋਂ ਸਾਹਿਬਜ਼ਾਦਿਆਂ ਦੀ ਅਦੁੱਤੀ ਸ਼ਹਾਦਤ ਨੂੰ ਕੋਟਿਨ-ਕੋਟਿ ਪ੍ਰਣਾਮ !



ਬਾਬਾ ਮੱਖਣ ਸ਼ਾਹ ਲੁਬਾਣਾ ਫਾਊਂਡੇਸ਼ਨ (ਰਜਿ.), ਸੈਕਟਰ 30-ਏ, ਚੰਡੀਗੜ੍ਹ

ਸੰਪਾਦਕੀ...

# ਸਾਹਿਬਜ਼ਾਦਿਆਂ ਦੀ ਅਦੁੱਤੀ ਸ਼ਹਾਦਤ ਨੂੰ ਪ੍ਰਣਾਮ !



ਆਨੰਦਪੁਰ ਦੇ ਆਨੰਦੀ ਖੇੜਿਆਂ ਵਿਚ ਵਿਚਰ ਕੇ ਬਾਦਸ਼ਾਹ ਦਰਵੇਸ਼ ਧੰਨ ਧੰਨ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਸੰਸਾਰਕ ਅਤੇ ਪਰਮਾਥਕ ਆਨੰਦ ਮਾਣਦੇ ਹੋਇਆਂ ਜਿੱਥੇ ਇਕ ਪਾਸੇ ਅਗੰਮੀ ਬਖਸ਼ਿਸ਼ਾਂ ਨਾਲ ਦੁਨੀਆਂ ਨੂੰ ਮਾਲਾ ਮਾਲ ਕਰ ਰਹੇ ਸੀ ਉਥੇ ਆਪ ਪਰਵਾਰਕ ਜੀਵਨ ਵਿਚ ਵੀ ਰਸ ਭਰ ਰਹੇ ਸੀ। ਇਸੇ ਰਸਮਈ ਜੀਵਨ ਵਿਚੋਂ ਮਾਤਾ ਜੀਤੋ ਜੀ ਅਤੇ ਮਾਤਾ ਸੁੰਦਰੀ ਜੀ ਦੀ ਕੁੱਖੋਂ ਬਾਬਾ ਅਜੀਤ ਸਿੰਘ, ਬਾਬਾ ਜੁਝਾਰ ਸਿੰਘ, ਬਾਬਾ ਜ਼ੋਰਾਵਰ ਸਿੰਘ ਅਤੇ ਬਾਬਾ ਫਤਹਿ ਸਿੰਘ ਜੀ ਵਰਗੇ ਚਾਰ ਅਮੋਲਕ ਹੀਰੇ ਸੰਸਾਰ ਨੂੰ ਮਿਲੇ। ਸਮੇਂ ਦੀ ਚਾਲ ਨਾਲ ਅਨੰਦਪੁਰ ਦੇ ਖੇੜੇ ਵਧਦੇ ਗਏ, ਗੁਰਬਾਣੀ ਅਤੇ ਕੀਰਤਨ ਦੀਆਂ ਧੁਨੀਆਂ ਉੱਠੀਆਂ, ਕਵੀ ਦਰਬਾਰ ਸਜੇ, ਰਣਜੀਤ ਨਗਾਰੇ ਵਜੇ, ਬੀਰ ਰਸੀ ਕੌਤਕ ਵਰਤਾਏ, ਸੰਗਤਾਂ ਨਾਲ ਅਨੰਦਪੁਰ ਦੀਆਂ ਰੌਣਕਾਂ ਵਧੀਆਂ ਅਤੇ ਨਾਲ ਹੀ ਚਾਰੇ ਸਾਹਿਬਜ਼ਾਦੇ ਸੰਸਾਰਕ ਅਤੇ ਪਰਮਾਰਥਕ ਵਿੱਦਿਆ ਵਿਚ ਨਿਪੁੰਨਤਾ ਪ੍ਰਾਪਤ ਕਰਦੇ ਰਹੇ। ਪਰ ਸੱਤਾ ਦੇ ਮਾਲਕ ਪਹਾੜੀ ਰਾਜੇ ਇਹ ਕਿਵੇਂ ਬਰਦਾਸ਼ਤ ਕਰ ਸਕਦੇ ਸੀ? ਆਖੀਰ ਛੁਟ ਪੁਟ ਝੜੱਪਾਂ ਪਿਛੋਂ ਬਾਈਧਾਰ ਦੇ ਰਾਜਿਆਂ ਨੇ ਇਕ ਮੁਠ ਹੋ ਕੇ ਮੁਹਾਜ਼ ਬਣਾਇਆ ਅਤੇ ਗੁਰੂ ਸਾਹਿਬ ਨਾਲ ਆ ਮੱਥਾ ਲਾਇਆ। ਜਦ ਆਪਸੀ ਕੋਈ ਪੇਸ਼ ਨਾ ਚਲੀ ਤਾਂ ਬਾਬਰ ਕਿਆਂ ਨੂੰ ਨਾਲ ਲੈ ਆਏ ਅਤੇ ਆਨੰਦਪੁਰ ਨੂੰ ਘੇਰਾ ਪਾ ਲਿਆ। ਸ੍ਰੀ ਅਨੰਦਪੁਰ ਸਾਹਿਬ ਦੀ ਲੜਾਈ ਸਮੇਂ ਮੁਸਲਮਾਨਾਂ ਅਤੇ ਪਹਾੜੀ ਰਾਜਿਆਂ ਵੱਲੋਂ ਝੂਠੀਆਂ ਕਸਮਾਂ ਖਾ ਕੇ ਗੁਰੂ ਸਾਹਿਬ ਤੋਂ ਕਿਲ੍ਹਾ ਖਾਲ੍ਹੀ ਕਰਵਾਇਆ ਗਿਆ ਕਿ ਉਹ ਹਮਲਾ ਨਹੀਂ ਕਰਨਗੇ। ਗੁਰੂ ਸਾਹਿਬ ਨੂੰ ਉਨ੍ਹਾਂ 'ਤੇ ਭਰੋਸਾ ਨਹੀਂ ਸੀ ਪਰ ਮਾਤਾ ਗੁਜਰੀ ਜੀ ਅਤੇ ਕੁਝ ਸਿੰਘਾਂ ਦੇ ਕਹਿਣ 'ਤੇ ਗੁਰੂ ਜੀ ਨੇ ਕਿਲ੍ਹਾ ਛੱਡ ਦਿੱਤਾ। ਹਾਲੇ ਗੁਰੂ ਜੀ ਦਾ ਵਹੀਰ ਸਰਸਾ ਨਦੀ ਕੰਢੇ ਹੀ ਪਹੁੰਚਿਆ ਸੀ ਕਿ ਪਹਾੜੀ ਰਾਜਿਆਂ ਅਤੇ ਮੁਗਲਾਂ ਨੇ ਪਿੱਛੋਂ ਦੀ ਗੁਰੂ ਸਾਹਿਬ 'ਤੇ ਹਮਲਾ ਕਰ ਦਿੱਤਾ। ਸਰਸਾ ਨਦੀ ਵਿਚ ਉਸ ਵੇਲੇ ਹੜ੍ਹ ਆਇਆ ਹੋਇਆ ਸੀ। ਬਹੁਤ ਕੀਮਤੀ ਇਤਿਹਾਸ ਸਰਸਾ ਨਦੀ ਵਿਚ ਰੁੜ੍ਹ ਗਿਆ। ਇਸੇ ਸਥਾਨ 'ਤੇ ਗੁਰੂ ਜੀ ਦਾ ਪਰਿਵਾਰ ਵੀ ਆਪਸ ਵਿਚ ਵਿਛੜ ਗਿਆ। ਗੁਰੂ ਸਾਹਿਬ ਅਤੇ ਵੱਡੇ ਸਾਹਿਬਜ਼ਾਦੇ ਕੁੱਝ ਸਿੰਘਾਂ ਨਾਲ ਚਮਕੌਰ ਸਾਹਿਬ ਵੱਲ ਨੂੰ ਚਲੇ ਗਏ। ਮਾਤਾ ਗੁਜਰੀ ਜੀ ਅਤੇ ਛੋਟੇ ਸਾਹਿਬਜ਼ਾਦਿਆਂ ਨੂੰ ਜੰਗਲ ਦੇ ਰਸਤੇ ਗੰਗੂ ਪਿੰਡ ਸਹੇੜੀ ਆਪਣੇ ਘਰ ਲੈ ਗਿਆ। ਮਾਤਾ ਜੀ ਕੋਲ ਕੁਝ ਗਹਿਣੇ ਅਤੇ ਪੈਸੇ ਦੇਖ ਕੇ ਗੰਗੂ ਦੇ ਮਨ ਵਿਚ ਲਾਲਚ ਆ ਗਿਆ ਅਤੇ ਉਹ ਇਨ੍ਹਾਂ ਵਸਤਾਂ ਨੂੰ ਹਾਸਲ ਕਰਨ ਲਈ ਛੋਟੇ ਸਾਹਿਬਜ਼ਾਦਿਆਂ ਦੀ ਸ਼ਹਾਦਤ ਦਾ ਕਾਰਨ ਬਣਿਆ। ਗੰਗੂ ਨੇ ਮੋਰਿੰਡੇ ਇਤਲਾਹ ਦਿੱਤੀ ਅਤੇ ਉਸ ਨੇ ਸਾਹਿਬਜ਼ਾਦਿਆਂ ਅਤੇ ਮਾਤਾ ਜੀ ਨੂੰ ਵਜ਼ੀਰ ਖ਼ਾਨ ਦੇ ਬੰਦੀ ਬਣਾ ਦਿੱਤਾ। ਸਾਹਿਬਜ਼ਾਦਿਆਂ ਨੂੰ ਅਤੇ ਮਾਤਾ ਗੁਜਰੀ ਜੀ ਨੂੰ ਠੰਡੇ ਬੁਰਜ ਵਿਚ ਰੱਖਿਆ ਗਿਆ। ਪੋਹ ਦੀ ਠੰਡੀ ਹਵਾ ਕਲੇਜਿਆਂ ਨੂੰ ਚੀਰ ਕੇ ਲੰਘ ਰਹੀ ਸੀ, ਪਰ ਸਿਦਕ ਦੇ ਪੱਕੇ ਤੇ ਸ਼ਹੀਦ ਦਾਦੇ ਦੇ ਪੋਤੇ ਆਪਣੀ ਦਾਦੀ ਮਾਂ ਦੀ ਨਿੱਘੀ ਬੁੱਕਲ ਦਾ ਅਨੰਦ ਮਾਣ ਰਹੇ ਸਨ। ਉਹ ਭੁੱਖਣ-ਭਾਣੇ ਠੰਡੇ ਬੁਰਜ ਵਿਚ ਬੈਠੇ ਦਾਦੀ ਮਾਂ ਦੀਆਂ ਬਾਤਾਂ ਸੁਣ ਰਹੇ ਸਨ। ਦਾਦੀ ਮਾਂ ਸਮਝਾ ਰਹੀ ਸੀ ਕਿ ਬੱਚਿਓ ! ਦਾਦਾ ਜੀ ਦੀ ਚਿੱਟੀ ਪੱਗ ਨੂੰ ਦਾਗ ਨਾ ਲੱਗਣ ਦਿਓ। ਦਾਦੀ ਮਾਂ ਦੀਆਂ ਗੱਲਾਂ ਸੁਣ ਕੇ ਸਾਹਿਬਜ਼ਾਦਿਆਂ ਨੇ ਕਿਹਾ ਸੀ, ਸਿਰ ਦੇ ਕੇ ਸਿਦਕ ਬਚਾਵਾਂਗੇ ! ਠੰਡੇ ਬੁਰਜ ਵਿੱਚੋਂ ਸਾਹਿਬਜ਼ਾਦਿਆਂ ਨੂੰ ਸਿਪਾਹੀਆਂ ਨੇ ਵਜ਼ੀਰ ਖ਼ਾਨ ਦੀ ਕਚਹਿਰੀ ਵਿਚ ਪੇਸ਼ ਕੀਤਾ। ਸਾਹਿਬਜ਼ਾਦਿਆਂ ਨੇ ਕਚਿਹਰੀ ਵਿਚ ਖੜ੍ਹੇ ਹੋ ਕੇ, ਗੱਜ ਕੇ "ਵਾਹਿਗੁਰੂ ਜੀ ਕਾ ਖਾਲਸਾ, ਵਾਹਿਗੁਰੂ ਜੀ ਕੀ ਫਤਿਹ" ਬੁਲਾਈ। ਇਹ ਦੇਖ ਕੇ ਸੂਬਾ ਸਰਹੰਦ ਕੰਬ ਉੱਠਿਆ। ਸੂਬੇ ਨੇ ਸਾਹਿਬਜ਼ਾਦਿਆਂ ਨੂੰ ਧਰਮ ਤੋਂ ਡੁਲਾਉਣ ਲਈ ਤਰ੍ਹਾਂ-ਤਰ੍ਹਾਂ ਦੇ ਲਾਲਚ ਦਿੱਤੇ, ਤਾਂ ਕਿ ਉਹ ਸਿੱਖ ਧਰਮ ਨੂੰ ਛੱਡ ਕੇ ਇਸਲਾਮ ਕਬੂਲ ਕਰ ਲੈਣ। ਪਰ ਸਾਹਿਬਜ਼ਾਦੇ ਸਿਦਕ ਤੋਂ ਨਾ ਡੋਲੇ।

ਭੁੱਖਣ ਭਾਣੇ ਮਾਤਾ ਜੀ ਅਤੇ ਛੋਟੇ ਸਾਹਿਬਜ਼ਾਦਿਆਂ ਨੂੰ ਗੁਰੂ-ਘਰ ਦੇ ਪ੍ਰੇਮੀ ਭਾਈ ਮੋਤੀ ਰਾਮ ਮਹਿਰਾ ਜੋ ਕਿ ਵਜ਼ੀਰ ਖ਼ਾਨ ਦੇ ਲੰਗਰ ਵਿਚ ਨੌਕਰੀ ਕਰਦਾ ਸੀ, ਘਰੋਂ ਦੁੱਧ ਦੀ ਗੜਵੀ ਲੈ ਕੇ ਬੁਰਜ ਵਿਚ ਪਹੁੰਚਿਆ, ਰਸਤੇ ਵਿਚ ਪਹਿਰੇਦਾਰ ਦੇ ਰੋਕਣ 'ਤੇ ਉਸ ਨੂੰ ਕੁਝ ਮੋਹਰਾਂ ਵੀ ਦੇਣੀਆਂ ਪਈਆਂ। ਮਾਤਾ ਗੁਜਰੀ ਜੀ ਨੇ ਗਰਮ-ਗਰਮ ਦੁੱਧ ਪੋਤਿਆਂ ਨੂੰ ਛਕਾਇਆ ਅਤੇ ਭਾਈ ਮੋਤੀ ਰਾਮ ਮਹਿਰਾ ਨੂੰ ਅਸ਼ੀਰਵਾਦ ਦਿੱਤਾ। ਅਗਲੇ ਦਿਨ ਸਾਹਿਬਜ਼ਾਦਿਆਂ ਨੂੰ ਵਜ਼ੀਰ ਖ਼ਾਨ ਦੀ ਕਚਿਹਰੀ ਵਿਚ ਬੁਲਾਇਆ ਗਿਆ ਅਤੇ ਉਨ੍ਹਾਂ ਨੇ ਕਚਹਿਰੀ ਵਿਚ ਜਾ ਕੇ ਗੱਜ ਕੇ ਫ਼ਤਿਹ ਬੁਲਾਈ। ਵਜ਼ੀਰ ਖ਼ਾਨ ਨੇ ਇਸਲਾਮ ਕਬੂਲਣ ਦੀ ਪੇਸ਼ਕਾਰੀ ਕੀਤੀ, ਪਰ ਸਾਹਿਬਜ਼ਾਦਿਆਂ ਨੇ ਇਸ ਪੇਸ਼ਕਾਰੀ ਨੂੰ ਠੁਕਰਾ ਦਿੱਤਾ। ਵਜ਼ੀਰ ਖ਼ਾਨ ਨੇ ਬੱਚਿਆਂ ਤੋਂ ਪੁੱਛਿਆ ਕਿ ਜੇਕਰ ਤੁਹਾਨੂੰ ਛੱਡ ਦਿੱਤਾ ਜਾਵੇ ਤਾਂ ਤੁਸੀਂ ਕੀ ਕਰੋਗੇ? ਬੱਚਿਆਂ ਨੇ ਜਵਾਬ ਦਿੱਤਾ ਅਸੀਂ ਆਪਣੇ ਗੁਰੂ ਪਿਤਾ ਜੀ ਵਾਂਗ ਸਿੰਘਾਂ ਦੀ ਇੱਕ ਫ਼ੌਜ ਤਿਆਰ ਕਰਕੇ ਤੇਰੇ ਵਰਗੇ ਗਿੱਦੜਾਂ ਨਾਲ ਲੜਾਂਗੇ। ਇਹ ਗੱਲ ਸੁਣ ਕੇ ਸੂਬੇ ਨੇ ਕਾਜ਼ੀ ਕੋਲੋਂ ਫ਼ਤਵਾ ਲਵਾਇਆ। ਕਾਜ਼ੀ ਨੇ ਸ਼ਰ੍ਹਾ ਦੀ ਕਿਤਾਬ ਫੋਲਦਿਆਂ ਕਿਹਾ ਕਿ ਇਨ੍ਹਾਂ ਬਾਗੀ ਦੇ ਪੁੱਤਰਾਂ ਨੂੰ ਜਿਊਂਦਿਆਂ ਹੀ ਨੀਹਾਂ ਵਿਚ ਚਿਣ ਦੇਣਾ ਚਾਹੀਦਾ ਹੈ। ਸ਼ਾਸ਼ਲ ਬੇਗ ਤੇ ਬਾਸ਼ਲ ਬੇਗ ਨਾਮੀ ਦੋ ਜੱਲਾਦ ਭਰਾਵਾਂ ਨੇ ਸਾਹਿਬਜ਼ਾਦਿਆਂ ਨੂੰ ਜਿਉਂਦਿਆਂ ਹੀ ਨੀਹਾਂ ਵਿਚ ਚਿਣਨਾ ਸ਼ੁਰੂ ਕਰ ਦਿੱਤਾ, ਜਦੋਂ ਕੰਧ ਛਾਤੀ ਤੱਕ ਪਹੁੰਚੀ ਤੇ ਇੱਟਾਂ ਦਾ ਢਾਂਚਾ ਥੱਲੇ ਡਿੱਗ ਪਿਆ ਜਿਸ ਨੂੰ ਦੇਖ ਕੇ ਜਲਾਦਾਂ ਨੇ ਸਾਹਿਬਜ਼ਾਦਿਆਂ ਨੂੰ ਕੋਹ-ਕੋਹ ਕੇ ਸ਼ਹੀਦ ਕਰ ਦਿੱਤਾ। ਇਹ ਖ਼ਬਰ ਸੁਣ ਕੇ ਮਾਤਾ ਗੁਜਰੀ ਜੀ ਵੀ ਆਪਣਾ ਸਰੀਰ ਤਿਆਗ ਗਏ। ਮਾਤਾ ਜੀ ਅਤੇ ਸਾਹਿਬਜ਼ਾਦਿਆਂ ਦਾ ਸਸਕਾਰ ਕਰਨ ਲਈ ਭਾਈ ਟੋਡਰ ਮੱਲ ਨੇ ਮੋਹਰਾਂ ਵਿਛਾ ਕੇ ਜ਼ਮੀਨ ਖ਼ਰੀਦੀ। ਅੱਜ ਲੋੜ ਹੈ ਸਾਨੂੰ ਸਾਰਿਆਂ ਨੂੰ ਸਾਹਿਬਜ਼ਾਦਿਆਂ ਦੀਆਂ ਕੁਰਬਾਨੀਆਂ ਨੂੰ ਯਾਦ ਕਰਕੇ ਅਤੇ ਉਨ੍ਹਾਂ ਦੇ ਪਾਏ ਪੂਰਨਿਆਂ ਤੋਂ ਸੇਧ ਲੈ ਕੇ ਜੀਵਨ ਸਫਲਾ ਕਰਨ ਦੀ।

**ਹਰਭਜਨ ਸਿੰਘ**
**ਪ੍ਰਧਾਨ**
**ਬਾਬਾ ਮੱਖਣ ਸ਼ਾਹ ਲੁਬਾਣਾ ਫਾਊਂਡੇਸ਼ਨ (ਰਜਿ.) ਚੰਡੀਗੜ੍ਹ**

# ਲੁਬਾਣਾ ਸੇਵਕ



ਬਾਨੀ ਸੰਪਾਦਕ
ਸਵ. ਮੇਜਰ ਸ਼ਰਮ ਸਿੰਘ
ਜ਼ਹੂਰਾ


**Chief Editor**
Er. Harbhajan Singh
Dy. C.E. (Retd.) President
M.: 98140-62091

**Addl. Chief Editor**
Er. Parminderjit Singh
M.: 99153-57524

**Editor**
Er. Bhagwan Singh Lubana
Dy C.E. (Retd.)
E-mail:bslubana187@gmail.com
M.: 98155-40240

**Co-Editor**
S. Surinder Singh Ruby ETO (Retd.)
M.: 98141-28181



## Advisors

1. S. Naginderjit Singh (Legal Advisor)
   Session Judge (Retd.),
   M.: 98159-02643
2. S. Narinder Singh, PES (Retd.)
   M.: 98555-34236
3. S. Mohinder Singh, DSP (Retd.)
   M.: 98144-74535
4. Dr. Preet Mohinder Pal Singh
   M.: 98148-98289



**ਰਚਨਾਵਾਂ ਤੇ ਸਲਾਨਾ ਚੰਦਾ ਭੇਜਣ ਦਾ ਪਤਾ**

ਮੁੱਖ ਸੰਪਾਦਕ, ਲੁਬਾਣਾ ਸੇਵਕ
ਸੈਕਟਰ 30-ਏ, ਚੰਡੀਗੜ੍ਹ, ਮੋ. 98140-62091
e-mail:lobanafoundation@gmail.com
Websitelink : bmslchd.org, lobanafoundation.org

FOR ONLINE DEPOSITS OF FUNDS BANK ACCOUNT DETAIL IS AS UNDER:-
Bank Name :- State Bank of India
A/c No.-10304629441, IFSC Code:- SBIN0001443
Note - On depositing kindly intimate your name and address to the Foundation.
President - 98140-62091

| | | |
|---|---|---|
| ਦੇਸ | : | 250 ਰੁਪਏ |
| ਪਰਦੇਸ | : | 20 ਡਾਲਰ |
| ਜੀਵਨ ਮੈਂਬਰ ਦੇਸ | : | 2500 ਰੁ. |
| ਜੀਵਨ ਮੈਂਬਰ ਪਰਦੇਸ | : | 7500 ਰੁ. |

ਚੰਦਾ ਚੈਕ ਜਾਂ ਡਰਾਫਟ ਰਾਹੀਂ ਲੁਬਾਣਾ ਸੇਵਕ ਦੇ ਨਾਮ 'ਤੇ ਡਾਕ ਰਾਹੀਂ ਵੀ ਭੇਜਿਆ ਜਾ ਸਕਦਾ ਹੈ।


**ਤੁਖਾਰੁ ਨ ਵਿਆਪਈ ਕੰਠਿ ਮਿਲਿਆ ਹਰਿ ਨਾਹੁ ॥**
**ਮਨੁ ਬੇਧਿਆ ਚਰਨਾਰਬਿੰਦ ਦਰਸਨਿ ਲਗੜਾ ਸਾਹੁ ॥**

ਪੋਖਿ ਮਹੀਨੇ ਦੀ ਮੱਸਿਆ, ਸੰਗਰਾਂਦ ਅਤੇ ਪੂਰਨਮਾਸ਼ੀ (ਮਿਤੀ ਅਤੇ ਦਿਨ)

**ਪੂਰਨਮਾਸ਼ੀ - 26-12-2023 (ਮੰਗਲਵਾਰ)**
**ਸੰਗਰਾਂਦ - 16-12-2023 (ਸ਼ਨੀਵਾਰ)**
**ਮੱਸਿਆ - 12-12-2023 (ਮੰਗਲਵਾਰ)**

## ਤਤਕਰਾ


ਜਿਲਦ ਨੰ. 41 | ਅੰਕ - 126 | ਦਸੰਬਰ - 2023



| | | |
|---|---|---|
| 1. | ਸਾਹਿਬਜ਼ਾਦਿਆਂ ਦੀ ਸ਼ਹਾਦਤ ਨੂੰ ਪ੍ਰਣਾਮ! | 4 |
| 2. | ਪੰਜਾਬ ਦਾ ਇਤਿਹਾਸ | 7 |
| 3. | ਆਸਾ ਦੀ ਵਾਰ ਦਾ ਭਾਵ | 10 |
| 4. | ਗੁਰ ਸਾਗਰ ਦੇ ਸੁੱਚੇ ਮੋਤੀ | 13 |
| 5. | ਭਾਈ ਮੱਖਣ ਸ਼ਾਹ ਜੀ ਦਾ ਧਾਰਮਿਕ ਵਿਰਸਾ | 14 |
| 6. | ਸਾਹਿਬਜ਼ਾਦਿਆਂ ਦੀ ਸ਼ਹਾਦਤ | 16 |
| 7. | ਨਵੰਬਰ ਮਹੀਨੇ ਦੀਆਂ ਗਤੀਵਿਧੀਆਂ ਦੀ ਰਿਪੋਰਟ | 18 |
| 8. | ਜੀਵਨ ਵਿਕਾਸ – ਇਕ ਸੰਘਰਸ਼ | 21 |
| 9. | ਸੰਪੂਰਨ ਕਿੱਸਾ ਜੱਲ੍ਹੇ ਦਾ ਛੱਲਾ | 22 |
| 10. | ਹੋਰ ਪੱਛੜੀਆਂ ਸ਼੍ਰੇਣੀਆਂ (ਓ.ਬੀ.ਸੀ.) ਸਰਟੀਫਿਕੇਟ ਬਨਾਉਣ ਲਈ ਆਮ ਜਾਣਕਾਰੀ | 24 |
| 11. | ਅਪਾਹਜ | 25 |
| 12. | ਆਓ ਜਾਣੀਏ! | 26 |
| 13. | ਨਿਮਰਤਾ ਅਤੇ ਸਾਦਗੀ ਦੀ ਮੂਰਤ – ਸੰਤ ਹਜ਼ਾਰਾ ਸਿੰਘ ਜੀ | 27 |
| 14. | ਵੂਲਗੂਲਗਾ (ਆਸਟ੍ਰੇਲੀਆ) | 28 |
| 15. | ਵਿਛੋੜਾ | 29 |
| 16. | ਸਿਹਤ ਸੰਭਾਲ | 31 |
| 17. | ਕਾਵਿ–ਕਿਆਰੀ | 33 |
| 18. | ਸ਼ਬਦਾਂ ਦੇ ਸੰਜੋਗ | 34 |
| 19. | CITATION OF SH. MOHINDER SINGH......... | 35 |
| 20. | Matrimonial | 37 |
| 21. | Application Form | 38 |
| 22. | ਦਾਨੀ ਸੱਜਣਾਂ ਦੀ ਸੂਚੀ | 42 |




'ਲੁਬਾਣਾ ਸੇਵਕ' ਵਿਚ ਛਪਣ ਵਾਲੀਆਂ ਰਚਨਾਵਾਂ ਦੇ ਵਿਚਾਰ ਲੇਖਕਾਂ ਦੇ ਨਿੱਜੀ ਹੁੰਦੇ ਹਨ, ਸੋ ਜ਼ਰੂਰੀ ਨਹੀਂ ਕਿ ਇਨ੍ਹਾਂ ਨਾਲ ਫਾਊਂਡੇਸ਼ਨ ਜਾਂ ਲੁਬਾਣਾ ਸੇਵਕ ਅਦਾਰਾ ਪੂਰੀ ਤਰ੍ਹਾਂ ਸਹਿਮਤ ਹੋਵੇ।



**Printed & Published by**
**Harbhajan Singh for Baba Makhan Shah Lobana Foundation (Regd.)**
**Sector 30-A, Chandigarh.**

**Computer Designing - WP&S, M.: 98153-78692**

# ਸਾਹਿਬਜ਼ਾਦਿਆਂ ਦੀ ਸ਼ਹਾਦਤ ਨੂੰ ਪ੍ਰਣਾਮ !




ਉਹ ਕਹਿਰ ਦੀ ਰਾਤ ਸੀ, ਜਦ ਸਿੱਖਾਂ ਨੇ ਸਰਸਾ ਨਦੀ ਪਾਰ ਕੀਤੀ। ਗੁਰੂ ਸਾਹਿਬ ਦਾ ਸਾਰਾ ਪਰਵਾਰ ਖੇਰੂੰ-ਖੇਰੂੰ ਹੋ ਗਿਆ। ਮਹਾਰਾਜ ਦੇ ਦੋਵੇਂ ਮਹਿਲ ਭਾਈ ਮਨੀ ਸਿੰਘ ਜੀ ਨਾਲ ਦਿੱਲੀ ਨੂੰ ਚਲੇ ਗਏ। ਮਾਤਾ ਗੁਜਰੀ ਜੀ ਤੇ ਦੋਵੇਂ ਛੋਟੇ ਸਾਹਿਬਜ਼ਾਦੇ ਬਾਕੀ ਸਾਰੇ ਸਾਥ ਨਾਲੋਂ ਵਿਛੜ ਗਏ। ਉਹਨਾਂ ਨਾਲ ਇਕੋ ਗੰਗਾ ਰਾਮ ਬ੍ਰਾਹਮਣ ਰਹਿ ਗਿਆ ਸੀ। ਸਿੱਖ ਘਿਰਣਾ ਨਾਲ ਉਹਨੂੰ 'ਗੰਗੂ' ਕਹਿ ਕੇ ਬੁਲਾਉਂਦੇ ਹਨ।

ਮਾਤਾ ਜੀ ਮਾੜੇ ਜੇਹੇ ਘੋੜੇ 'ਤੇ ਅਸਵਾਰ ਸਨ। ਛੋਟਾ ਪੋਤਰਾ ਉਹਨਾਂ ਦੇ ਅੱਗੇ ਤੇ ਵੱਡਾ ਪਿੱਛੇ ਬੈਠਾ ਸੀ। ਸਾਥ ਤੋਂ ਵਿਛੜ ਕੇ ਉਹ ਬੜੇ ਉਦਾਸ ਸਨ। ਮਾਤਾ ਜੀ ਦੇ ਪਾਸ ਮੋਹਰਾਂ ਦੀ ਭਰੀ ਖੁਰਜੀ ਵੇਖ ਕੇ ਗੰਗੂ ਦਾ ਦਿਲ ਲਲਚਾ ਗਿਆ। ਉਹ ਮਾਤਾ ਜੀ ਨੂੰ ਆਪਣੇ ਘਰ, ਪਿੰਡ 'ਖੇੜੀ' ਲੈ ਗਿਆ। ਉਸ ਸਮੇਂ ਤਕ ਸੱਤ ਪੋਹ ਦਾ ਸੂਰਜ ਛਿਪ ਚੁੱਕਾ ਸੀ। ਗੰਗੂ ਨੇ ਮਾਤਾ ਜੀ ਤੇ ਸਾਹਿਬਜ਼ਾਦਿਆਂ ਨੂੰ ਭੋਜਨ ਛਕਾਇਆ ਤੇ ਘਰ ਦੇ ਪਿਛਲੇ ਕਮਰੇ ਵਿਚ ਆਰਾਮ ਕਰਨ ਵਾਸਤੇ ਥਾਂ ਦਿੱਤੀ। ਗ਼ਮਾਂ ਦੇ ਮਾਰਿਆਂ ਨੂੰ ਨੀਂਦ ਕਿੱਥੇ! ਢਲੀ ਰਾਤ ਪਲ ਕੁ ਮਾਤਾ ਜੀ ਦੀ ਅੱਖ ਲੱਗ ਗਈ। ਏਨੇ ਸਮੇਂ ਤੋਂ ਲਾਭ ਉਠਾ ਕੇ ਗੰਗੂ ਨੇ ਮਾਤਾ ਜੀ ਦੇ ਸਰ੍ਹਾਣਿਓਂ ਮੋਹਰਾਂ ਵਾਲੀ ਖੁਰਜੀ ਚੁੱਕ ਲਈ। ਦਿਨ ਚੜ੍ਹੇ ਮੰਜੇ ਹੇਠਾਂ ਖੁਰਜੀ ਨਾ ਪਈ ਵੇਖ ਕੇ ਮਾਤਾ ਜੀ ਨੇ ਬੜੀ ਨਰਮ ਬੋਲੀ ਵਿਚ ਪੁੱਛਿਆ, "ਬੇਟਾ ਗੰਗਾ ਰਾਮ! ਸਗੋਂ ਖੁਰਜੀ ਚੁੱਕ ਕੇ ਕਿਸੇ ਹੋਰ ਥਾਂ ਸੰਭਾਲ ਦਿੱਤੀ ਊ?"

ਸੰਪਾਦਕ
ਭਗਵਾਨ ਸਿੰਘ
ਲੁਬਾਣਾ
98155-40240



ਏਨੀ ਸਾਧਾਰਨ ਪੁੱਛ ਉਤੇ ਹੀ ਗੰਗੂ ਭੜਕ ਉਠਿਆ। ਉਹਨੇ ਕ੍ਰੋਧ ਨਾਲ ਅੱਖਾਂ ਲਾਲ ਕਰਕੇ ਕਿਹੈ, "ਵਾਹ ਮਾਤਾ ਜੀ! ਚੰਗਾ ਦਿੱਤਾ ਜੇ ਨੇਕੀ ਦਾ ਫਲ! ਮੈਂ ਸਰਕਾਰ ਦੇ ਬਾਗੀਆਂ ਨੂੰ ਘਰ ਆਸਰਾ ਦਿੱਤਾ, ਤੇ ਉਲਟਾ ਮੈਨੂੰ ਚੋਰ ਕਹਿੰਦੇ ਹੋ? ਪਿੰਡ ਦੇ ਚੌਧਰੀ ਨੂੰ ਪਤਾ ਲੱਗ ਜਾਏ, ਤਾਂ ਮੈਂ ਕਿਤੇ ਭਾਲਿਆ ਨਾ ਲੱਭਾਂ। ਮੈਂ ਜਾਨ ਦਾ ਖ਼ਤਰਾ ਸਹੇੜ ਕੇ ਤੁਹਾਡੀ ਰੱਖਿਆ ਕੀਤੀ, ਤੇ ਤੁਸਾਂ ਮੈਨੂੰ ਹੀ ਚੋਰ ਬਣਾਇਆ। ਏਸ ਨਾਲੋਂ ਤਾਂ ਚੰਗਾ ਹੈ, ਕਿ ਮੈਂ ਸਾਰੀ ਗੱਲ ਚੌਧਰੀ ਨੂੰ ਜਾ ਦੱਸਾਂ।"

ਗੰਗੂ ਦੀ ਇਹ ਧਮਕੀ ਸੁਣ ਕੇ ਮਾਤਾ ਜੀ ਨੇ ਪਹਿਲਾਂ ਨਾਲੋਂ ਵੀ ਨਰਮ ਸੁਰ ਵਿਚ ਕਿਹਾ, "ਪੁੱਤ! ਤੈਨੂੰ ਕਿਉਂ ਚੋਰ ਬਨਾਉਣਾ ਸੀ ਮੈਂ? ਮੈਂ ਤੈਨੂੰ ਪੁੱਤਰਾਂ ਵਾਂਗ ਪਾਲਿਆ ਏ। ਮੈਂ ਤਾਂ ਕਿਹਾ ਏ, ਸਗੋਂ ਚੰਗਾ ਕੀਤਾ ਈ, ਚਾਰ ਪੈਸੇ ਕਿਤੇ ਚੰਗੇ ਥਾਂ ਸੰਭਾਲ ਲਏ ਈ। ਭਲਾ ਤੇਰਾ ਤੇ ਸਾਡਾ ਕੁਝ ਵੰਡਿਆ ਹੋਇਆ ਏ?" "ਬੱਸ, ਰਹਿਣ ਦਿਹੋ ਮਾਤਾ ਜੀ! ਮੈਂ ਇਹਨਾਂ ਗੱਲਾਂ ਵਿਚ ਆਉਣ ਵਾਲਾ ਨਹੀਂ। ਬੁੜਬੁੜ ਕਰਦਾ ਗੰਗੂ ਘਰੋਂ ਬਾਹਰ ਨਿਕਲ ਤੁਰਿਆ।

ਗੰਗੂ ਨੇ ਸਾਹਿਬਜ਼ਾਦੇ ਫੜਾ ਦਿੱਤੇ – ਮਾਤਾ ਜੀ ਬਥੇਰਾ ਰੋਕ ਰਹੇ, ਪਰ ਮਾਰੀ-ਮੱਤ ਵਾਲਾ ਗੰਗੂ ਮੁੜਿਆ ਨਾ। ਉਸ ਨੇ ਪਿੰਡ ਦੇ ਚੌਧਰੀ ਨੂੰ ਮਾਤਾ ਜੀ ਦੀ ਖ਼ਬਰ ਜਾ ਦਿੱਤੀ। ਚੌਧਰੀ ਓਸ ਵੇਲੇ ਆਪਣੇ ਆਦਮੀ ਲੈ ਕੇ ਆ ਗਿਆ। ਮਾਤਾ ਜੀ ਨੂੰ ਵੇਖ ਕੇ ਚੌਧਰੀ ਨੇ ਆਪਣੇ ਆਦਮੀ ਪਹਿਰੇ 'ਤੇ ਬਿਠਾ ਦਿੱਤੇ। ਚੌਧਰੀ ਤੇ ਗੰਗੂ-ਦੋਵੇਂ ਮੁਰੰਡੇ ਜਾ ਪਹੁੰਚੇ। ਖੇੜੀ ਤੋਂ ਦੋ ਕੁ ਮੀਲ ਹੈ ਮੁਰੰਡਾ। ਮੁਰੰਡੇ ਦੇ ਹਾਕਮ (ਜਾਨੀ ਖ਼ਾਂ ਤੇ ਮਾਨੀ

ਖ਼ਾਂ) ਓਸ ਵੇਲੇ ਸਿਪਾਹੀ ਲੈ ਕੇ ਖੇੜੀ ਜਾ ਪਹੁੰਚੇ। ਮਾਤਾ ਜੀ ਨੇ ਵੇਖ ਕੇ ਗੁੱਸੇ ਨਾਲ ਕਿਹਾ, "ਗੰਗਿਆ! ਜਿਸ ਧਨ ਦੇ ਲੋਭ ਪਿੱਛੇ ਇਹ ਪਾਪ ਕੀਤਾ ਈ, ਕੀ ਉਹ ਤੈਨੂੰ ਪਾਰ ਲੰਘਾ ਦੇਵੇਗਾ? ਤੇਰੀ ਮਰਜ਼ੀ।"

ਧਨ ਵਾਲੀ ਗੱਲ ਏਥੇ ਹੀ ਦੱਬੀ ਗਈ। ਜਾਨੀ ਖ਼ਾਂ, ਮਾਨੀ ਖ਼ਾਂ ਸਨ ਕਿ ਗੁਰੂ ਦੇ ਸਾਹਿਬਜ਼ਾਦਿਆਂ ਨੂੰ ਗ੍ਰਿਫ਼ਤਾਰ ਕਰਨ ਬਦਲੇ ਸਰਕਾਰ ਵੱਲੋਂ ਉਹਨਾਂ ਨੂੰ ਚੋਖੀ ਨੇਕਨਾਮੀ ਮਿਲੇਗੀ। ਉਹਨਾਂ ਮਾਤਾ ਜੀ ਤੇ ਸਾਹਿਬਜ਼ਾਦਿਆਂ ਨੂੰ ਮੁਰੰਡੇ ਜਾ ਨਜ਼ਰਬੰਦ ਕੀਤਾ। ਦਸ ਪੋਹ ਨੂੰ ਨਵਾਬ ਵਜ਼ੀਰ ਖਾਂ ਵਾਪਸ ਸਰਹਿੰਦ ਪੁੱਜਾ, ਤਾਂ ਮੁਰੰਡੇ ਵਾਲਿਆਂ ਮਾਤਾ ਜੀ ਤੇ ਸਾਹਿਬਜ਼ਾਦੇ ਓਥੇ ਜਾ ਪੇਸ਼ ਕੀਤੇ। ਚਮਕੌਰ ਵਿਚੋਂ ਗੁਰੂ ਜੀ ਦੇ ਬਚ ਕੇ ਨਿਕਲ ਜਾਣ ਕਰਕੇ ਸੂਬੇਦਾਰ ਵਜ਼ੀਰ ਖਾਂ ਬੜਾ ਖਿਝਿਆ ਹੋਇਆ ਸੀ। ਉਸ ਵੇਲੇ ਆਪਣੀ ਬੜੀ ਵੱਡੀ ਹਾਰ ਤੇ ਨਮੋਸ਼ੀ ਸਮਝਦਾ ਸੀ। ਛੋਟੇ ਸਾਹਿਬਜ਼ਾਦਿਆਂ ਦੇ ਹੱਥ ਆ ਜਾਣ ਕਰਕੇ ਵਜ਼ੀਰ ਖਾਂ ਦੇ ਮਨ ਨੂੰ ਕੁਛ ਢਾਰਸ ਹੋਈ। ਉਹਨੇ ਮਾਤਾ ਜੀ ਤੇ ਸਾਹਿਬਜ਼ਾਦਿਆਂ ਨੂੰ ਕਿਲ੍ਹੇ ਦੇ ਬੁਰਜ ਵਿਚ ਕੈਦ ਕਰ ਦਿੱਤਾ। ਲਗਭਗ ਅੱਠ ਪਹਿਰ ਦਾਦੀ ਪੋਤਰੇ ਭੁੱਖੇ ਤਿਹਾਏ ਰਹੇ। ਸਾਰੀ ਰਾਤ ਦਾਦੀ ਪੋਤਰਿਆਂ ਨੂੰ ਗੋਦ ਵਿਚ ਲੈ ਕੇ ਬਜ਼ੁਰਗਾਂ ਦੀ ਦ੍ਰਿੜਤਾ ਦੀਆਂ ਸਾਖੀਆਂ ਸੁਣਾਉਂਦੀ ਰਹੀ। ਬਿਸਤਰੇ ਤੋਂ ਬਿਨਾਂ, ਠੰਢਾ ਬੁਰਜ, ਪੋਹ ਦੀ ਕਕਰੀਲੀ ਰਾਤ ਤੇ ਢਿੱਡੋਂ ਭੁੱਖੇ, ਨੀਂਦ ਅੱਖਾਂ ਦੇ ਨੇੜੇ ਨਾ ਫੜਕੀ। ਅਗਲੇ ਦਿਨ ਕਚਹਿਰੀ ਲੱਗੀ, ਤਾਂ ਸਾਹਿਬਜ਼ਾਦਿਆਂ ਨੂੰ ਪੇਸ਼ ਕਰਨ ਦਾ ਹੁਕਮ ਹੋਇਆ।

ਨਵਾਬ ਦੇ ਅਹਿਲਕਾਰਾਂ ਨੇ ਇਕ ਗੋਂਦ ਅਨੁਸਾਰ ਕਚਹਿਰੀ ਦਾ ਵੱਡਾ ਦਰਵਾਜ਼ਾ ਬੰਦ ਕਰ ਦਿੱਤਾ, ਤੇ ਸਾਹਿਬਜ਼ਾਦਿਆਂ ਦੇ ਲੰਘਣ ਵਾਸਤੇ ਛੋਟੀ ਜੇਹੀ ਬਾਰੀ ਖੁੱਲ੍ਹੀ ਰੱਖੀ। ਵਿਉਂਤ ਇਹ ਸੀ ਕਿ ਅੰਦਰ ਦਾਖ਼ਲ ਹੋਣ ਲੱਗੇ ਸਾਹਿਬਜ਼ਾਦੇ ਸਿਰ ਝੁਕਾ ਕੇ ਲੰਘਣਗੇ, ਤਾਂ ਸਾਰੇ ਦਰਬਾਰੀ ਰੌਲਾ ਪਾ ਦੇਣਗੇ, ਕਿ ਸਾਹਿਬਜ਼ਾਦੇ ਨਵਾਬ ਨੂੰ ਸਲਾਮ ਕਰ ਰਹੇ ਹਨ। ਦੋ ਸਿਪਾਹੀਆਂ ਸਾਹਿਬਜ਼ਾਦਿਆਂ ਨੂੰ ਲੈਣ ਵਾਸਤੇ ਗਏ। ਪੋਤਰਿਆਂ ਨੂੰ ਵਿੱਦਿਆ ਕਰਦਿਆਂ ਮਾਤਾ ਗੁਜਰੀ ਨੇ ਏਨਾ ਕਿਹਾ, "ਮੇਰੇ ਲਾਲ! ਏਨੀ ਗੱਲ ਯਾਦ ਰੱਖਣੀ ਕਿ ਤੁਸੀਂ ਗੁਰੂ ਗੋਬਿੰਦ ਸਿੰਘ ਜੀ ਦੇ ਸਾਹਿਬਜ਼ਾਦੇ ਤੇ ਗੁਰੂ ਤੇਗ ਬਹਾਦਰ ਜੀ ਦੇ ਪੋਤਰੇ ਹੋ। ਮਰਦਾਂ ਵਾਂਗ ਅਡੋਲ ਰਹਿਣਾ। ਜ਼ਾਲਮ ਸਾਹਮਣੇ ਝੁਕਣਾ ਨਹੀਂ, ਗੱਜ ਕੇ ਫ਼ਤਹਿ ਬੁਲਾਉਣੀ।"

ਸਾਰੇ ਰਾਹ ਸਿਪਾਹੀ ਧਮਕੀਆਂ ਦੇਂਦੇ ਗਏ। ਨਵਾਬ ਦੇ ਸਿਪਾਹੀਆਂ ਨੇ ਧਮਕੀ ਦੇਂਦਿਆਂ ਕਿਹਾ, 'ਐ ਬਾਲਕੋ! ਨਵਾਬ ਸਾਹਿਬ ਨੂੰ ਝੁਕ ਕੇ ਸਲਾਮ ਕਰੋ।' ਤੁਹਾਡੇ ਪਿਤਾ ਜੀ ਨੇ ਸਲਾਮ ਕਰਨ ਦੀ ਥਾਂ, ਨਵਾਬ ਦਾ ਮੂੰਹ ਚਿੜਾਉਣਾ ਸ਼ੁਰੂ ਕਰ ਦਿੱਤਾ। ਛੋਟੇ ਹੁੰਦੇ ਤੋਂ ਹੀ ਉਹ ਕਿਸੇ ਆਕੜਖ਼ੋਰ ਦਾ ਰੁਹਬ ਤਾਂ ਮੰਨਦੇ ਹੀ ਨਹੀਂ ਸਨ।"

ਵੱਡੇ ਭਰਾ (ਸਾਹਿਬ ਜ਼ੋਰਾਵਰ ਸਿੰਘ ਜੀ) ਨੇ ਛੋਟੇ (ਸਾਹਿਬ ਫ਼ਤਿਹ ਸਿੰਘ ਜੀ) ਦੇ ਕੰਨ ਵਿਚ ਕੁਛ ਸਮਝਾਇਆ। ਸਿਪਾਹੀ ਨੇ ਕੜਕ ਕੇ ਕਿਹਾ, "ਔਧਰ ਵੇਖੋ! ਜਿਸ ਤਰ੍ਹਾਂ ਅਗਲਾ ਸਿਪਾਹੀ ਸਲਾਮ ਕਰਦਾ ਹੋਇਆ ਕਚਹਿਰੀ ਵਿਚ ਦਾਖਲ ਹੁੰਦਾ ਹੈ, ਓਸੇ ਤਰ੍ਹਾਂ ਸਲਾਮ ਕਰਨਾ ਹੋਵੇਗਾ।" ਸਾਹਿਬਜ਼ਾਦਿਆਂ ਨੂੰ ਪ੍ਰੇਰਨਾ ਦੇਣ ਵਾਸਤੇ ਇਕ ਸਿਪਾਹੀ ਉਹਨਾਂ ਦੇ ਅੱਗੇ-ਅੱਗੇ ਬਾਰੀ ਵਿਚ ਦੀ ਸਿਰ ਝੁਕਾ ਕੇ ਸਲਾਮ ਕਰਦਾ ਹੋਇਆ ਲੰਘਿਆ। ਉਹਨਾਂ ਦਾ ਖ਼ਿਆਲ ਸੀ ਕਿ ਵੇਖੋ-ਵੇਖੀ ਸਾਹਿਬਜ਼ਾਦੇ ਵੀ ਓਸੇ ਤਰ੍ਹਾਂ ਕਰਨਗੇ। ਪਰ ਸਾਹਿਬਜ਼ਾਦਿਆਂ ਨੂੰ 'ਨਿਰਭੈਤਾ' ਦਾ ਗੁਣ ਆਪਣੇ ਪਿਤਾ ਵੱਲੋਂ ਵਿਰਸੇ ਵਿਚ ਮਿਲਿਆ ਹੋਇਆ ਸੀ। ਸਾਹਿਬ ਜ਼ੋਰਾਵਰ ਸਿੰਘ ਛੋਟਾ ਭਰਾ ਦੇ ਅੱਗੇ ਲੱਗ ਤੁਰੇ। ਉਹਨਾਂ ਪਹਿਲਾਂ ਬਾਰੀ ਵਿਚੋਂ ਪੈਰ ਅੱਗੇ ਲੰਘਾਏ ਤੇ ਫਿਰ ਸਿਰ। ਵੱਡੇ ਵੱਲ ਵੇਖ ਕੇ ਛੋਟੇ ਨੇ ਵੀ ਓਵੇਂ ਹੀ ਕੀਤਾ। ਦੁਸ਼ਮਣ ਦਾ ਇਹ ਮੱਕਾਰੀ ਭਰਿਆ ਵਾਰ ਖ਼ਾਲੀ ਗਿਆ। ਨਵਾਬ ਦੇ ਸਾਹਮਣੇ ਨਿਧੜਕ ਖਲੋ ਕੇ ਦੋਹਾਂ ਸਾਹਿਬਜ਼ਾਦਿਆਂ ਨੇ 'ਫ਼ਤਿਹ' ਬੁਲਾਈ। ਸੁਣ ਕੇ ਸਾਰੇ ਦਰਬਾਰੀ ਦੰਗ ਰਹਿ ਗਏ। ਗੁੱਸੇ ਨਾਲ ਬਹੁਤਿਆਂ ਦੇ ਮੱਥੇ ਉਤੇ ਵੱਟ ਪੈ ਗਏ।

ਵਜ਼ੀਰ ਖ਼ਾਂ ਦਾ ਪੇਸ਼ਕਾਰ ਇਕ ਹਿੰਦੂ ਸੁੱਚਾ ਨੰਦ ਸੀ। ਉਹਨਾਂ ਸਾਹਿਬਜ਼ਾਦਿਆਂ ਨੂੰ ਪਲੋਸਦਿਆਂ ਬੜੀ ਮਿੱਠੀ ਸੁਰ ਵਿਚ ਕਿਹਾ, "ਬਾਲਕੋ! ਮੈਂ ਹਿੰਦੂ ਹਾਂ। ਤੁਹਾਡੇ ਨਾਲ ਮੈਨੂੰ ਹਮਦਰਦੀ ਹੈ। ਜਾਣਦੇ ਓ, ਤੁਹਾਡੇ ਪਿਤਾ ਜੀ ਤੇ ਦੋਵੇਂ ਵੱਡੇ ਭਾਈ ਚਮਕੌਰ ਵਿਚ ਸਾਰੇ ਸਿੱਖਾਂ ਸਮੇਤ ਮਾਰੇ ਗਏ ਹਨ। ਗੁਸਤਾਖ਼ੀ ਕਰੋਗੇ, ਤਾਂ ਤੁਸੀਂ ਵੀ ਮਾਰੇ ਜਾਉਗੇ। ਨਵਾਬ ਸਾਹਿਬ ਬੜੇ ਰਹਿਮ-ਦਿਲ ਹਨ। ਸਲਾਮ ਕਰਕੇ ਹਜ਼ੂਰ ਤੋਂ ਮਾਫ਼ੀ ਮੰਗ ਲਓ, ਬਖ਼ਸ਼ੇ ਜਾਉਗੇ। ਨਹੀਂ ਤਾਂ ਬੜੇ ਤਸੀਹੇ ਦੇ ਕੇ ਮਾਰੇ ਜਾਉਗੇ।"

ਸਾਹਿਬ ਜ਼ੋਰਾਵਰ ਸਿੰਘ ਨੇ ਬੜੀ ਨਿਰਭੈਤਾ ਨਾਲ ਸੁੱਚਾ ਨੰਦ ਵੱਲ ਵੇਖਦਿਆਂ ਕਿਹਾ, "ਸਾਡੇ ਪਿਤਾ ਜੀ ਨੂੰ ਕੋਈ ਮਾਰ ਨਹੀਂ ਸਕਦਾ। ਨਾ ਹੀ ਅਸੀਂ ਕਿਸੇ ਤੋਂ ਡਰਦੇ ਹਾਂ। ਅਸਾਂ ਫ਼ਤਹਿ ਬੁਲਾਈ ਹੈ, ਤੇ ਫ਼ਤਹਿ ਬੁਲਾਉਂਦੇ ਰਹਾਂਗੇ। ਦੁੱਖਾਂ ਤਸੀਹਿਆਂ ਤੋਂ ਡਰਨ ਵਾਲੇ ਅਸੀਂ ਨਹੀਂ। ਜੋ ਤੁਹਾਡੇ ਦਿਲ ਆਵੇ, ਕਰ ਲਵੋ।" ਇਸ ਦਲੇਰੀ ਭਰੇ ਉੱਤਰ ਨੇ ਸਭ ਨੂੰ ਹੈਰਾਨ ਕਰ ਦਿੱਤਾ।

ਇਕ ਪਾਸੇ ਸਾਹਿਬਜ਼ਾਦਿਆਂ ਨੂੰ ਰੱਜ ਕੇ ਧਮਕਾਇਆ ਗਿਆ, ਤੇ ਦੂਸਰੇ ਪਾਸੇ ਹਰ ਤਰ੍ਹਾਂ ਦੇ ਲਾਲਚ ਵਿਖਾਏ ਗਏ, ਪਰ ਉਹ ਬੀਰ-ਬਾਲਕ ਕਿਸੇ ਝਾਂਸੇ ਵਿਚ ਨਾ ਆਏ। ਅੰਤ ਵਜ਼ੀਰ ਖਾਂ ਨੇ ਕਿਹਾ, "ਬੇ-ਸਮਝ ਬਾਲਕੋ! ਮੇਰੀ ਆਖ਼ਰੀ ਸ਼ਰਤ ਸੁਣ ਲਵੋ। ਜਾਂ ਇਸਲਾਮ ਪਰਵਾਨ ਕਰ ਲਵੋ, ਨਹੀਂ ਤਾਂ ਸਖ਼ਤ ਤਸੀਹੇ ਦੇ ਕੇ ਮਾਰੇ ਜਾਉਗੇ।"

"ਅਸੀਂ ਮੌਤ ਜਾਂ ਦੁੱਖਾਂ ਤਸੀਹਿਆਂ ਤੋਂ ਡਰਨ ਵਾਲੇ ਨਹੀਂ। ਆਪਣੇ ਦਾਦੇ ਵਾਂਗ ਸ਼ਹੀਦ ਹੋ ਜਾਵਾਂਗੇ, ਪਰ ਤੇਰਾ ਦੀਨ ਨਹੀਂ ਮੰਨਾਂਗੇ।" ਸਾਹਿਬਜ਼ਾਦਿਆਂ ਨੇ ਓਵੇਂ ਦਲੇਰੀ ਹੀ ਨਾਲ ਹੀ ਉੱਤਰ ਦਿੱਤਾ।

ਕਚਹਿਰੀ ਵਿਚ ਸ਼ੇਰ ਮੁਹੰਮਦ ਖ਼ਾਂ ਮਲੇਰ ਕੋਟਲੇ ਵਾਲਾ ਵੀ ਬੈਠਾ ਸੀ। ਵਜ਼ੀਰ ਖਾਂ ਨੇ ਉਹਨੂੰ ਸੰਬੋਧਨ ਕਰਕੇ ਕਿਹਾ, "ਖਾਨ ਸਾਹਿਬ! ਚਮਕੌਰ ਵਿਚ ਗੁਰੂ ਨੇ ਤੁਹਾਡੇ ਭਾਈ ਨਾਹਰ ਖ਼ਾਂ ਨੂੰ ਕਤਲ ਕੀਤਾ ਸੀ। ਤੁਸੀਂ ਇਹਨਾਂ ਦੋਹਾਂ ਨੂੰ ਕਤਲ ਕਰਕੇ ਭਰਾ ਦਾ ਬਦਲ ਲੈ ਲਵੋ।"

"ਨਵਾਬ ਸਾਹਿਬ! ਮੇਰੇ ਭਰਾ-ਭਤੀਜੇ ਮੈਦਾਨ ਵਿਚ ਲੜਦੇ ਹੋਏ

ਮਾਰੇ ਗਏ ਹਨ। ਅੱਜ ਵੀ ਗੁਰੂ ਮੇਰੇ ਸਾਹਮਣੇ ਆ ਜਾਏ, ਮੈਂ ਮਰਦਾਂ ਵਾਂਗ ਮੈਦਾਨ ਵਿਚ ਉਸ ਤੋਂ ਬਦਲਾ ਲਵਾਂਗਾ। ਪਰ ਇਹਨਾਂ ਮਾਸੂਮ ਬੱਚਿਆਂ ਨੂੰ ਇਹਨਾਂ ਦੇ ਪਿਤਾ ਦੀ ਕੀਤੀ ਸਜ਼ਾ ਨਹੀਂ ਦਿੱਤੀ ਜਾ ਸਕਦੀ। ਇਹ ਬੇਗੁਨਾਹ ਹਨ। ਮੇਰੀ ਰਾਏ ਹੈ ਕਿ ਇਹਨਾਂ ਨੂੰ ਛੱਡ ਦੇਣਾ ਚਾਹੀਦਾ ਹੈ।"

ਸ਼ੇਰ ਮੁਹੰਮਦ ਦੀ ਰਾਏ ਸੁਣ ਕੇ ਕੋਲੋਂ ਸੁੱਚਾ ਨੰਦ ਉਠ ਖਲੋਤਾ। ਉਹਨੇ ਪਹਿਲਾਂ ਵਾਂਗ ਸਾਹਿਬਜ਼ਾਦਿਆਂ ਨਾਲ ਪਿਆਰ ਜਤਾਉਂਦਿਆਂ ਕਿਹਾ, "ਸੁਣਿਆਂ ਬਾਲਕੋ ! ਨਵਾਬ ਸ਼ੇਰ ਮੁਹੰਮਦ ਸਾਹਿਬ ਤੁਹਾਡੇ ਉਤੇ ਰਹਿਮ ਕਰਨ ਦੇ ਹੱਕ ਵਿਚ ਹਨ। ਭਲਾ ਸਰਕਾਰ ਤੁਹਾਨੂੰ ਛੱਡ ਦੇਵੇ, ਤਾਂ ਤੁਸੀਂ ਕੀ ਕਰੋਗੇ?"

"ਅਸੀਂ?" ਸਾਹਿਬ ਜ਼ੋਰਾਵਰ ਸਿੰਘ ਜੀ ਦੇ ਉਤਰ ਦਿੱਤਾ, "ਅਸੀਂ ਜੰਗਲਾਂ ਤੇ ਪਿੰਡਾਂ ਵਿਚ ਜਾ ਕੇ ਆਪਣੇ ਸਿੱਖ ਇਕੱਠੇ ਕਰਾਂਗੇ, ਤੇ ਫ਼ੌਜਾਂ ਬਣਾ ਕੇ ਜ਼ਾਲਮ ਸਰਕਾਰ ਨਾਲ ਲੜਾਂਗੇ।" ਤੇ ਓਦੋਂ ਤੱਕ ਲੜਦੇ ਰਹਾਂਗੇ, ਜਿੰਨਾ ਚਿਰ ਇਹ ਸਰਕਾਰ ਖਤਮ ਨਹੀਂ ਹੋ ਜਾਂਦੀ।" ਦੋਹਾਂ ਸਾਹਿਬਜ਼ਾਦਿਆਂ ਦਾ ਲਗਭਗ ਇਕੋ ਜਵਾਬ ਸੀ।

"ਸੁਣਿਆ ਜਨਾਬ !" ਸੁੱਚਾ ਨੰਦ ਨੇ ਵਜ਼ੀਰ ਖ਼ਾਨ ਵੱਲ ਸੰਬੋਧਤ ਹੋ ਕੇ ਕਿਹਾ, "ਇਹ ਹਨ ਗੁਰੂ ਗੋਬਿੰਦ ਸਿੰਘ ਦੇ ਸਾਹਿਬਜ਼ਾਦੇ ! ਸੱਪਾਂ ਦੇ ਪੁੱਤ ਸੱਪ ਹੀ ਹੁੰਦੇ ਹਨ। ਇਹਨਾਂ ਨੂੰ ਛੱਡ ਦੇਣਾ, ਆਪਣੇ ਆਪ ਵੈਰ ਕਰਨ ਦੇ ਬਰਾਬਰ ਹੈ। ਇਹ ਵੱਡੇ ਹੋ ਕੇ ਆਪਣੇ ਪਿਤਾ ਨਾਲੋਂ ਵੀ ਵੱਧ ਹੋਣਗੇ। ਮੇਰੀ ਰਾਏ ਵਿਚ ਇਹਨਾਂ ਨੂੰ ਮੌਤ ਦੀ ਸਜ਼ਾ ਦੇਣੀ ਚਾਹੀਦੀ ਹੈ

ਸੁੱਚਾ ਨੰਦ ਦੀ ਰਾਏ ਸੁਣ ਕੇ ਮੁਫ਼ਤੀ-ਮੌਲਵੀ ਵੀ ਤੇਜ਼ ਹੋ ਗਏ। ਉਹਨਾਂ ਵੀ ਸਾਹਿਬਜ਼ਾਦਿਆਂ ਨੂੰ ਮਾਰ ਦੇਣ ਦੀ ਰਾਏ ਦਿੱਤੀ। ਵੱਡੇ ਮੁਫ਼ਤੀ ਨੇ ਫ਼ਤਵਾ ਦਿੱਤਾ ਕਿ ਏਹੋ ਜੇਹੇ ਜ਼ਿੱਦੀ ਬਾਲਕਾਂ ਨੂੰ ਜਿਉਂਦਿਆਂ ਨੂੰ ਕੰਧ ਵਿਚ ਚਿਣ ਦੇਣਾ ਚਾਹੀਦਾ ਹੈ।

"ਇਹ ਜ਼ੁਲਮ ਹੈ, ਹੱਦੋਂ ਵੱਧ ਜ਼ੁਲਮ। ਇਹ ਸ਼ਰ੍ਹਾ ਦੇ ਉਲਟ ਹੈ। ਮਾਸੂਮ ਤੇ ਬੇਗੁਨਾਹ ਬੱਚਿਆਂ ਨੂੰ ਮਾਰਨ ਦੀ ਸ਼ਰ੍ਹਾ ਕਦੇ ਇਜਾਜ਼ਤ ਨਹੀਂ ਦੇਂਦੀ। ਮੈਂ ਇਹ ਜ਼ੁਲਮ ਨਹੀਂ ਵੇਖ ਸਕਦਾ।" ਆਹ ਦਾ ਨਾਹਰਾ ਮਾਰ ਕੇ ਸ਼ੇਰ ਮੁਹੰਮਦ ਕਚਹਿਰੀ ਵਿਚੋਂ ਉਠ ਕੇ ਚਲਿਆ ਗਿਆ।

ਸ਼ੇਰ ਮੁਹੰਮਦ ਦੀ ਰਾਏ ਦੀ ਕਿਸੇ ਪਰਵਾਹ ਨਾ ਕੀਤੀ ਗਈ। ਸਾਹਿਬਜ਼ਾਦਿਆਂ ਨੂੰ ਸਜ਼ਾ ਦੇਣ ਵਾਸਤੇ ਕਚਹਿਰੀ ਦੇ ਹਾਤੇ ਵਿਚ ਹੀ ਕੰਧ ਉਸਾਰਨ ਦਾ ਪ੍ਰਬੰਧ ਕੀਤਾ ਗਿਆ। ਕੰਧ ਗੋਡਿਆਂ ਤਕ ਆ ਗਈ। ਦੋਵੇਂ ਸੇਹਲ ਬਾਲਕ ਬੇਹੋਸ਼ ਹੋ ਕੇ ਇਕ ਪਾਸੇ ਉਲਰ ਪਏ। ਉਹਨਾਂ ਦੇ ਭਾਰ ਨਾਲ ਉਸ ਪਾਸਿਓਂ ਕੰਧ ਵੀ ਡਿੱਗ ਪਈ। ਸ਼ਾਇਦ ਕੰਧ ਉਸਾਰਨ ਦਾ ਮਤਲਬ ਵੀ ਵਧੇਰੇ ਕਰਕੇ ਸਾਹਿਬਜ਼ਾਦਿਆਂ ਨੂੰ ਡਰਾਉਣਾ ਹੀ ਸੀ। ਬੇਹੋਸ਼ੀ ਦੀ ਹਾਲਤ ਵਿਚ ਹੀ ਸਾਹਿਬਜ਼ਾਦੇ ਦਾਦੀ ਜੀ ਕੋਲ ਪਹੁੰਚਾ ਦਿੱਤੇ ਗਏ। ਨਿਸ਼ਾਨਾ ਇਹ ਸੀ ਕਿ ਬੱਚਿਆਂ ਦੀ ਅਜੇਹੀ ਹਾਲਤ ਵੇਖ ਕੇ ਮਾਤਾ ਗੁਜਰੀ ਜੀ ਵੀ ਸਹਿਮ ਜਾਣ। ਬੱਚਿਆਂ ਨੂੰ ਜਦ ਹੋਸ਼ ਆਈ, ਤਾਂ ਉਹਨਾਂ ਨੇ ਕਚਹਿਰੀ ਵਿਚ ਹੋਈ-ਬੀਤੀ ਸਾਰੀ ਵੇਰਵੇ ਨਾਲ ਕਹਿ ਸੁਣਾਈ।


ਅਗਲੇ ਦਿਨ ਏਨਾ ਸੁਨੇਹਾ ਆਇਆ, "ਮਾਤਾ ਜੀ ! ਨਵਾਬ ਸਾਹਿਬ ਵੱਲੋਂ ਆਪ ਜੀ ਨੂੰ ਸੋਚਣ ਵਾਸਤੇ ਇਕ ਦਿਨ ਦੀ ਹੋਰ ਮੁਹਲਤ ਦਿੱਤੀ ਜਾਂਦੀ ਹੈ। ਆਪ ਇਸਲਾਮ ਕਬੂਲ ਕਰਕੇ ਆਪਣੀ ਤੇ ਬੱਚਿਆਂ ਦੀ ਜਾਨ ਬਚਾ ਸਕਦੇ ਹੋ। ਨਹੀਂ ਤਾਂ ਭਲਕੇ ਦੋਵੇਂ ਸਾਹਿਬਜ਼ਾਦੇ ਕਤਲ ਕਰ ਦਿੱਤੇ ਜਾਣਗੇ।"

ਅੱਠ ਪਹਿਰ, ਜ਼ਿੰਦਗੀ ਦੇ ਆਖ਼ਰੀ ਅੱਠ ਪਹਿਰ ਬੀਤ ਗਏ। ਅਗਲੇ ਦਿਨ ਤੇਰ੍ਹਾਂ ਪੋਹ, ਸੰਮਤ ੧੭੬੧ ਬਿ. ਨੂੰ ਦੋਵੇਂ ਸਾਹਿਬਜ਼ਾਦੇ ਸ਼ਹੀਦ ਕਰਨ ਵਾਸਤੇ ਕਚਹਿਰੀ ਵਿਚ ਪੇਸ਼ ਕੀਤੇ ਗਏ। ਉਸ ਵੇਲੇ ਵੱਡੇ ਸਾਹਿਬਜ਼ਾਦੇ ਜ਼ੋਰਾਵਰ ਸਿੰਘ ਦੀ ਉਮਰ ਸੱਤ ਸਾਲ, ਗਿਆਰਾਂ ਮਹੀਨੇ ਤੇ ਅੱਠ ਦਿਨ ਦੀ ਸੀ। ਛੋਟੇ ਸਾਹਿਬਜ਼ਾਦੇ ਫ਼ਤਿਹ ਸਿੰਘ ਜੀ ਦੀ ਉਮਰ ਪੰਜ ਸਾਲ, ਦਸ ਮਹੀਨੇ ਤੇ ਦਸ ਦਿਨ ਦੀ ਸੀ। ਉਹਨਾਂ ਦੇ ਭੋਲੇ-ਭਾਲੇ ਚਿਹਰਿਆਂ ਵੱਲ ਵੇਖ ਕੇ ਵੀ ਜ਼ਾਲਮਾਂ ਨੂੰ ਤਰਸ ਨਾ ਆਇਆ। ਰਸਮੀ ਤੌਰ 'ਤੇ ਇਕ ਵਾਰ ਫੇਰ ਪੁੱਛਿਆ ਗਿਆ, ਜੇ ਉਹ ਇਸਲਾਮ ਕਬੂਲ ਕਰ ਕੇ ਜਾਨ ਬਚਾਉਣਾ ਚਾਹੁੰਦੇ ਹੋਣ ਤਾਂ। ਪਰ ਗੁਰੂ ਤੇਗ਼ ਬਹਾਦਰ ਦਾ ਖ਼ੂਨ ਮੌਤ ਤੋਂ ਕਿਵੇਂ ਡਰ ਜਾਂਦਾ ! ਦੋਹਾਂ ਦੇ ਕਤਲ ਦਾ ਹੁਕਮ ਜਾਰੀ ਹੋ ਗਿਆ।

ਪਰ ਇਹ ਕੰਮ ਕਰੇ ਕੌਣ? ਕੋਈ ਵੀ ਜੱਲਾਦ ਇਸ ਅੱਤ ਦੇ ਜ਼ੁਲਮ ਵਾਸਤੇ ਤਿਆਰ ਨਹੀਂ ਸੀ। ਦੋ ਜੱਲਾਦ ਸ਼ਾਸ਼ਲ ਬੇਗ ਤੇ ਬਾਸ਼ਲ ਬੇਗ ਕਿਸੇ ਮੁਕੱਦਮੇ ਵਿਚ ਫਸੇ ਹੋਏ ਸਨ। ਉਹਨਾਂ ਉਠ ਕੇ ਅਰਜ਼ ਕੀਤੀ, "ਸਰਕਾਰ ! ਸਾਡਾ ਜੁਰਮ ਮਾਫ਼ ਕਰ ਦਿੱਤਾ ਜਾਵੇ ਤਾਂ ਅਸੀਂ ਇਹ ਕੰਮ ਕਰਨ ਵਾਸਤੇ ਤਿਆਰ ਹਾਂ।" ਉਹਨਾਂ ਦੀ ਇਹ ਬੇਨਤੀ ਮੰਨ ਲਈ ਗਈ। ਜੱਲਾਦਾਂ ਨੇ ਦੋਹਾਂ ਸਾਹਿਬਜ਼ਾਦਿਆਂ ਨੂੰ ਧਰਤੀ ਉੱਤੇ ਸਿੱਧੇ ਲਿਟਾ ਕੇ ਉਹਨਾਂ ਦੀਆਂ ਛਾਤੀਆਂ 'ਤੇ ਗੋਡੇ ਰੱਖ ਕੇ ਛੁਰੀ ਨਾਲ ਬੱਕਰੇ ਵਾਂਗ ਹਲਾਲ ਕੀਤਾ। ਇਹ ਅਮਾਨਵੀ ਅੱਤਿਆਚਾਰ ਨੂੰ ਵੇਖ ਕੇ ਜ਼ਮੀਨ ਅਸਮਾਨ ਕੰਬ ਉਠੇ। ਇਸ ਸ਼ਹੀਦੀ ਨੇ ਲੋਕ ਮਨਾਂ ਵਿਚ ਅਜਿਹੀ ਅੱਗ ਭੜਕਾ ਦਿੱਤੀ, ਜੋ ਮੁਗ਼ਲ ਰਾਜ ਖ਼ਤਮ ਕਰ ਕੇ ਹੀ ਸ਼ਾਂਤ ਹੋਈ।

**ਆਓ ਸ੍ਰੀ ਗੁਰੂ ਗ੍ਰੰਥ ਸਾਹਿਬ ਮਹਾਰਾਜ ਜੀ ਦੇ ਲੜ ਲੱਗੀਏ ਅਤੇ ਆਪਣੇ ਬੱਚਿਆਂ ਨੂੰ ਵੀ ਪ੍ਰੇਰੀਏ !**

# ਪੰਜਾਬ ਦਾ ਇਤਿਹਾਸ




**ਪੰਜਾਬ ਦਾ ਇਤਿਹਾਸ - ਪ੍ਰਾਚੀਨ ਪੰਜਾਬ** - ਧਰਤ ਵਿਗਿਆਨੀਆਂ ਅਤੇ ਭੂਗੋਲ ਤੇ ਇਤਿਹਾਸ ਦੇ ਵਿਦਵਾਨਾਂ ਦਾ ਵਿਚਾਰ ਹੈ ਕਿ ਪੰਜਾਬ ਦੀ ਧਰਤੀ ਓਨੀ ਹੀ ਪੁਰਾਣੀ ਹੈ ਜਿੰਨੀ ਸੰਸਾਰ ਦੇ ਕਿਸੇ ਵੀ ਪੁਰਾਣੇ ਤੋਂ ਪੁਰਾਣੇ ਹਿੱਸੇ ਦੀ ਜ਼ਮੀਨ। ਇਸ ਧਰਤੀ ਦੇ ਪਹਿਲੇ ਵਸਨੀਕ ਸੰਸਾਰ ਦੇ ਆਦਿ ਮਨੁੱਖਾਂ ਵਿਚੋਂ ਸਨ। ਸਮਝਿਆ ਜਾਂਦਾ ਹੈ ਕਿ ਪੁਰਾਤਨ ਮਨੁੱਖ ਨੇ ਸਭ ਤੋਂ ਪਹਿਲਾਂ ਉੱਤਰ-ਪੱਛਮੀ ਪੰਜਾਬ ਦੀਆਂ ਪਹਾੜੀਆਂ ਵਿਚ ਜਿਹੜਾ ਇਲਾਕਾ ਸੋਨ, ਹਰੋ ਅਤੇ ਹੋਰ ਦਰਿਆਵਾਂ ਨਾਲ ਘਿਰਿਆ ਹੋਇਆ ਸੀ ਅਤੇ ਦਰਿਆ ਸਿੰਧ ਅਤੇ ਜਿਹਲਮ ਦੇ ਦੁਆਬ ਦੇ ਵਿਚਕਾਰ ਸਥਿਤ ਸੀ ਆ ਕੇ ਆਪਣੇ ਰਹਿਣ ਲਈ ਥਾਂ ਬਣਾਈ।

ਇਤਿਹਾਸਕਾਰਾਂ ਨੇ ਪੁਰਾਣੇ ਯੁੱਗ ਨੂੰ ਪੂਰਨ-ਪੱਥਰ ਯੁੱਗ ਦਾ ਨਾਂ ਦਿੱਤਾ ਹੈ। ਇਸ ਯੁੱਗ ਵਿਚ ਲੋਕ ਪਹਾੜਾਂ ਦੀਆਂ ਗੁਫ਼ਾਵਾਂ ਵਿਚ ਜਾਂ ਰੁੱਖਾਂ ਦੇ ਹੇਠ ਰਹਿੰਦੇ ਸਨ। ਉਸ ਸਮੇਂ ਅੱਗ ਬਾਲਣ ਅਤੇ ਖੇਤੀਬਾੜੀ ਕਰਨ ਦਾ ਹਾਲੇ ਗਿਆਨ ਨਹੀਂ ਸੀ। ਜੰਗਲੀ ਜਾਨਵਰਾਂ ਨੂੰ ਮਾਰ ਕੇ ਆਪਣੇ ਪੇਟ ਭਰ ਲੈਂਦੇ ਸਨ। ਇਸ ਤੋਂ ਅਗਲੇ ਯੁੱਗ ਨੂੰ ਪਸ਼ਚਾਤ-ਪੱਥਰ ਯੁੱਗ ਕਹਿੰਦੇ ਹਨ ਜਦੋਂ ਲੋਕਾਂ ਨੇ ਨੋਕੀਲੇ ਅਤੇ ਤੇਜ਼ ਧਾਰ ਵਾਲੇ ਪੱਥਰ ਦੇ ਹਥਿਆਰ ਬਣਾਉਣੇ ਸ਼ੁਰੂ ਕਰ ਦਿੱਤੇ ਸਨ। ਉਹ ਅੱਗ ਵੀ ਬਾਲਣ ਲੱਗ ਪਏ ਸਨ। ਉਹ ਜਾਨਵਰ ਪਾਲਦੇ ਅਤੇ ਅਨਾਜ, ਦੁੱਧ, ਸਬਜ਼ੀਆਂ ਆਦਿ ਦੀ ਵੀ ਵਰਤੋਂ ਕਰਨ ਲੱਗ ਪਏ।


**ਸੁਰਿੰਦਰ ਸਿੰਘ ਰੂਬੀ**
**ਆਬਕਾਰੀ ਤੇ ਕਰ ਅਫ਼ਸਰ**
**(ਸੇਵਾ ਮੁਕਤ)**
**ਸਹਿ-ਸੰਪਾਦਕ**
**98141-28181**




ਪੱਥਰ-ਯੁੱਗ ਤੋਂ ਬਾਅਦ ਧਾਤ-ਯੁੱਗ ਸ਼ੁਰੂ ਹੋਇਆ। ਜਦੋਂ ਲੋਕ ਕਾਂਸੀ, ਤਾਂਬੇ ਅਤੇ ਪਿੱਛੋਂ ਲੋਹੇ ਦੀ ਵਰਤੋਂ ਕਰਨ ਲੱਗ ਪਏ। ਇਸ ਤੋਂ ਬਾਅਦ ਪੰਜਾਬ ਵਿਚ ਇਕ ਵਿਸ਼ੇਸ਼ ਸਭਿਅਤਾ ਜਿਸ ਨੂੰ ਸਿੰਧ ਘਾਟੀ ਦੀ ਸਭਿਅਤਾ ਕਿਹਾ ਜਾਂਦਾ ਹੈ ਦਾ ਵਿਕਾਸ ਹੋਇਆ ਜਿਸ ਬਾਰੇ ਇਤਿਹਾਸ ਨੂੰ ਵੀ ਚੋਖੀ ਜਾਣਕਾਰੀ ਪ੍ਰਾਪਤ ਹੈ।

ਸਿੰਧ-ਘਾਟੀ ਦੀ ਸਭਿਅਤਾ ਦੇ ਮੁੱਖ ਕੇਂਦਰ ਮੋਹਿੰਜੋਦੜੋ ਅਤੇ ਹੜੱਪਾ ਸਨ। ਖੁਦਾਈ ਤੋਂ ਪਹਿਲਾਂ ਮੋਹਿੰਜੋਦੜੋ ਦੇ ਉੱਚੇ ਟਿੱਬੇ ਨੂੰ ਇਹ ਨਾਂ ਚਿਰਾਂ ਤੋਂ ਮਿਲਿਆ ਹੋਇਆ ਸੀ। ਮੋਹਿੰਜੋਦੜੋ ਦਾ ਅਰਥ ਹੈ 'ਮੁਰਦਿਆਂ ਦਾ ਟਿਲਾ'। ਇਹ ਸ਼ਹਿਰ ਸਿੰਧ ਪ੍ਰਾਂਤ ਵਿਚ ਲਾੜਕਾਨਾ (ਪਾਕਿਸਤਾਨ) ਵਿਖੇ ਦਰਿਆ ਸਿੰਧ ਦੇ ਕੰਢੇ ਉੱਤੇ ਵਸਿਆ ਹੋਇਆ ਸੀ ਜਿਸ ਦਾ ਘੇਰਾ ਲਗਭਗ ਚਾਰ ਕਿ.ਮੀ. ਤੋਂ ਵੱਧ ਸੀ। ਹੜੱਪਾ ਪਾਕਿਸਤਾਨ ਦੇ ਜ਼ਿਲ੍ਹਾ ਮਿੰਟਗੁਮਰੀ ਵਿਚ ਰਾਵੀ ਦੇ ਕੰਢੇ ਉੱਤੇ ਆਬਾਦ ਸੀ। ਇਸ ਦਾ ਰਕਬਾ ਮੋਹਿੰਜੋਦੜੋ ਤੋਂ ਵੀ ਕੁਝ ਵਡੇਰਾ ਸੀ। ਸਿੰਧ ਘਾਟੀ ਦੀ ਸਭਿਅਤਾ ਇਨ੍ਹਾਂ ਦੋ ਸ਼ਹਿਰਾਂ ਤੱਕ ਹੀ ਸੀਮਿਤ ਨਹੀਂ ਸੀ। ਪੰਜਾਬ ਵਿਚ ਕਈ ਹੋਰ ਸਥਾਨਾਂ ਤੋਂ ਖੁਦਾਈ ਉਪਰੰਤ ਸਿੰਧ ਘਾਟੀ ਦੀ ਸਭਿਅਤਾ ਦੇ ਵਿਸਥਾਰ ਦੇ ਪ੍ਰਮਾਣ ਮਿਲੇ ਹਨ। ਸਭ ਥਾਵਾਂ ਤੋਂ ਇਕੋ ਤਰ੍ਹਾਂ ਦੀਆਂ ਚੀਜ਼ਾਂ ਮਿਲੀਆਂ ਹਨ। ਜਿਥੇ ਨਵੀਆਂ ਖੁਦਾਈਆਂ ਹੋਈਆਂ ਹਨ ਉਨ੍ਹਾਂ ਵਿਚ ਰੋਪੜ ਦੇ ਨੇੜੇ ਕੋਟਲਾ ਨਿਹੰਗ ਖਾਂ, ਲੁਧਿਆਣਾ ਜ਼ਿਲ੍ਹੇ ਵਿਚ ਸੰਘੋਲ, ਚੰਡੀਗੜ੍ਹ ਅਤੇ ਘੁੜਾਮ ਦੇ ਨੇੜੇ ਕੁਝ ਸਥਾਨ ਸ਼ਾਮਲ ਹਨ। ਇਸ ਸਭ ਕੁਝ ਤੋਂ ਪਤਾ ਲੱਗਦਾ ਹੈ ਕਿ ਸਿੰਧ ਘਾਟੀ ਦੀ ਸਭਿਅਤਾ ਪੰਜਾਬ ਦੇ ਕਈ ਸਥਾਨਾਂ ਤੋਂ ਇਲਾਵਾ ਪੰਜਾਬੋਂ ਬਾਹਰ ਵੀ ਕਈ ਇਲਾਕਿਆਂ ਵਿਚ ਫੈਲੀ ਹੋਈ ਸੀ। ਸਿੰਧ ਘਾਟੀ ਦੀ ਸਭਿਅਤਾ ਦਾ ਵਿਸਥਾਰ ਉਪਰੋਕਤ ਸਭ ਥਾਵਾਂ ਤੋਂ ਇਕੋ ਜਿਹੀਆਂ ਚੀਜ਼ਾਂ ਮਿਲਣ ਤੋਂ ਸਿੱਧ ਹੁੰਦਾ ਹੈ।

ਸਿੰਧ ਘਾਟੀ ਦੀ ਸਭਿਅਤਾ ਨੂੰ 2500-1700 ਈ. ਪੂ. ਦੀ ਮੰਨਿਆ ਜਾ ਸਕਦਾ ਹੈ ਭਾਵੇਂ ਇਸ ਦੇ ਕਾਲ ਬਾਰੇ ਭਿੰਨ-ਭਿੰਨ ਰਾਵਾਂ ਹਨ। ਕੁਝ ਵਿਦਵਾਨਾਂ ਅਨੁਸਾਰ ਇਸ ਸਭਿਅਤਾ ਦਾ ਵਿਕਾਸ 4000-2500 ਈ. ਪੂ. ਸਮੇਂ ਹੋਇਆ ਸੀ। ਸਿੰਧ ਘਾਟੀ ਦੀ ਸਭਿਅਤਾ ਸ਼ਹਿਰੀ ਸਭਿਅਤਾ ਸੀ। ਇਨ੍ਹਾਂ ਸ਼ਹਿਰਾਂ ਵਿਚ ਗਲੀ ਮੁਹੱਲੇ ਅਤੇ ਖੁੱਲ੍ਹੀਆਂ ਸੜਕਾਂ ਬਣੀਆਂ ਹੋਈਆਂ ਸਨ। ਮਕਾਨ ਅਕਸਰ ਪੱਕੀਆਂ ਇੱਟਾਂ ਦੇ ਸਨ। ਘਰ ਵਿਚ ਰਸੋਈ, ਗੁਲਸਖਾਨੇ, ਦਰਵਾਜ਼ੇ, ਖਿੜਕੀਆਂ ਤੇ ਪਾਣੀ ਆਦਿ ਦਾ ਪ੍ਰਬੰਧ ਸੀ। ਘਰਾਂ ਤੋਂ ਬਾਹਰ ਪਾਣੀ ਦੇ ਨਿਕਾਸ ਲਈ ਨਾਲੀਆਂ ਬਣੀਆਂ ਹੋਈਆਂ ਸਨ। ਲੋਕ ਕਣ, ਚਾਵਲ, ਸਬਜ਼ੀਆਂ ਅਤੇ ਦੁੱਧ ਦੀ ਵਰਤੋਂ ਕਰਦੇ ਸਨ। ਸੂਤੀ ਕੱਪੜਾ ਅਤੇ ਗਹਿਣੇ-ਪਹਿਨਣ ਦਾ ਵੀ ਰਿਵਾਜ਼ ਸੀ। ਇਸਤਰੀਆਂ ਆਪਣੇ ਲੰਮੇ ਵਾਲਾਂ ਨੂੰ ਸਵਾਰ ਕੇ ਰੱਖਦੀਆਂ ਸਨ। ਮਨੋਰੰਜਨ ਦੇ ਕਈ ਸਾਧਨ ਸਨ ਅਤੇ ਦਵਾਈਆਂ ਦੀ ਵੀ ਵਰਤੋਂ ਕੀਤੀ ਜਾਂਦੀ ਸੀ। ਮ੍ਰਿਤਕਾਂ ਨੂੰ ਸਾੜਨ ਜਾਂ ਜ਼ਮੀਨ ਵਿਚ ਦਫ਼ਨ ਕਰਨ ਦਾ ਵੀ ਰਿਵਾਜ਼ ਸੀ। ਲੋਕ ਮਾਤਾ-ਦੇਵੀ ਦੀ ਪੂਜਾ ਕਰਦੇ ਸਨ ਅਤੇ ਦਰੱਖਤਾਂ

ਅਤੇ ਪਸ਼ੂ-ਪੰਛੀਆਂ ਦੀ ਵੀ ਉਪਾਸਨਾ ਦਾ ਰਿਵਾਜ਼ ਸੀ। ਲੋਕ ਖੇਤੀਬਾੜੀ ਅਤੇ ਪਸ਼ੂ-ਪਾਲਣ ਅਤੇ ਹੋਰ ਕਈ ਪ੍ਰਕਾਰ ਦੇ ਧੰਦੇ ਕਰਦੇ ਸਨ।

ਇਸ ਸਭਿਅਤਾ ਦੇ ਲੋਪ ਹੋ ਜਾਣ ਦੇ ਕਾਰਨਾਂ ਸਬੰਧੀ ਕਈ ਕਿਆਫ਼ੇ ਲਾਏ ਜਾਂਦੇ ਹਨ ਜਿਨ੍ਹਾਂ ਵਿਚੋਂ ਭੂਚਾਲ, ਹੜ੍ਹ, ਕਾਲ, ਆਰੀਆ, ਲੋਕਾਂ ਦੇ ਹਮਲੇ ਸਨ। ਇਨ੍ਹਾਂ ਸਭ ਕਾਰਨਾਂ ਵਿਚੋਂ ਆਰੀਆ ਲੋਕਾਂ ਦੇ ਹਮਲਿਆਂ ਦੁਆਰਾ ਸਿੰਧ ਘਾਟੀ ਦੀ ਸਭਿਅਤਾ ਦਾ ਨਸ਼ਟ ਹੋ ਜਾਣਾ ਵਧੇਰੇ ਮੰਨਣਯੋਗ ਜਾਪਦਾ ਹੈ ਕਿਉਂਕਿ ਆਰੀਆ ਲੋਕ ਵਧੇਰੇ ਸ਼ਕਤੀਸ਼ਾਲੀ ਅਤੇ ਲੜਾਕੂ ਸਨ। ਸਿੰਧ ਘਾਟੀ ਦੀ ਸਭਿਅਤਾ ਦੇ ਨਸ਼ਟ ਹੋ ਜਾਣ ਉਪਰੰਤ ਵੈਦਿਕ ਕਾਲ ਦਾ ਆਰੰਭ ਹੋਇਆ। ਆਰੀਆ ਦੇ ਭਾਰਤ ਵਿਚ ਪ੍ਰਵੇਸ਼ ਕਰਨ ਬਾਰੇ ਵੱਖ-ਵੱਖ ਵਿਚਾਰ ਹਨ। ਮੈਕਸਮੂਲਰ ਵਰਗੇ ਵਿਦਵਾਨ ਸਮਝਦੇ ਹਨ ਕਿ ਇਹ ਮੱਧ ਏਸ਼ੀਆ ਤੋਂ ਪੰਜਾਬ ਵਿਚ ਦਾਖਲ ਹੋਏ। ਕੁਝ ਵਿਦਵਾਨਾਂ ਅਨੁਸਾਰ ਇਨ੍ਹਾਂ ਦਾ ਮੁੱਢਲਾ ਘਰ ਉੱਤਰੀ ਧਰੁਵ ਪ੍ਰਦੇਸ਼ ਵਿਚ ਸੀ। ਕੁਝ ਲੋਕ ਇਨ੍ਹਾਂ ਨੂੰ ਤਿੱਬਤ ਤੋਂ ਆਏ ਸਮਝਦੇ ਹਨ ਪਰ ਅੱਜਕੱਲ੍ਹ ਵਧੇਰੇ ਮੰਨਿਆ ਜਾਣ ਵਾਲਾ ਵਿਚਾਰ ਇਹ ਹੈ ਕਿ ਆਰੀਆ ਲੋਕ ਭਾਰਤੀ ਮੂਲ ਦੇ ਹੀ ਲੋਕ ਹਨ।

ਆਰੀਆ ਲੋਕ ਵਧੇਰੇ ਕਰਕੇ ਪਿੰਡਾਂ ਵਿਚ ਰਹਿੰਦੇ ਸਨ। ਇਨ੍ਹਾਂ ਦਾ ਜੀਵਨ ਸਤਰ ਬੜਾ ਸਾਦਾ ਸੀ ਅਤੇ ਇਹ ਬਹੁਤ ਮਿਹਨਤੀ ਅਤੇ ਨੇਕ ਸਨ। ਇਨ੍ਹਾਂ ਦਾ ਮੂਲ ਆਧਾਰ ਪਰਿਵਾਰ ਸੀ। ਵੈਦਿਕ ਸਮਾਜ ਵਿਚ ਇਸਤਰੀ ਦੇ ਉੱਚੇ ਸਥਾਨ ਦਾ ਵਰਣਨ ਮਿਲਦਾ ਹੈ। ਘਰ ਵਿਚ ਪਤਨੀ ਦਾ ਬੜਾ ਸਤਿਕਾਰ ਕੀਤਾ ਜਾਂਦਾ ਸੀ। ਇਹ ਲੋਕ ਖੇਤੀਬਾੜੀ ਕਰਦੇ ਸਨ ਅਤੇ ਪਸ਼ੂ ਪਾਲਦੇ ਸਨ। ਵਪਾਰ ਵੀ ਇਨ੍ਹਾਂ ਦੇ ਮੁੱਖ ਧੰਦਿਆਂ ਵਿਚੋਂ ਇਕ ਸੀ। ਇਹ ਕੁਦਰਤ ਦੀ ਦੇਵੀ-ਦੇਵਤਿਆਂ ਦੇ ਰੂਪ ਵਿਚ ਪੂਜਾ ਕਰਦੇ ਸਨ ਜਿਵੇਂ ਵਾਯੂਮੰਡਲ ਦੇ ਦੇਵਤਿਆਂ, ਆਕਾਸ਼, ਧਰਤੀ, ਅਗਨੀ ਆਦਿ ਦੇ ਦੇਵਤਿਆਂ ਦੀ। ਇਨ੍ਹਾਂ ਦੀ ਰਾਜ-ਪ੍ਰਣਾਲੀ ਵਿਚ ਸਭਾ-ਸੰਮਤੀ, ਸਥਾਨਕ ਸ਼ਾਸ਼ਨ ਅਤੇ ਨਿਆਂ-ਪ੍ਰਬੰਧ ਵਿਚ ਵਿਸ਼ੇਸ਼ ਦਿਲਚਸਪੀ ਸੀ।

ਵੈਦਿਕ ਕਾਲ ਵਿਚ ਇਨ੍ਹਾਂ ਨੇ ਆਪਣੇ ਧਰਮ ਗ੍ਰੰਥ ਰਚੇ ਜਿਨ੍ਹਾਂ ਵਿਚ ਰਿਗਵੇਦ, ਯਜੁਰ ਵੇਦ, ਸਾਮ ਵੇਦ, ਅਥਰ ਵੇਦ, ਬ੍ਰਾਹਮਣ ਗ੍ਰੰਥ, ਉਪਨਿਸ਼ਦ ਅਤੇ ਪੁਰਾਣ ਸ਼ਾਮਲ ਸਨ। ਉੱਤਰ ਵੈਦਿਕ ਕਾਲ ਵਿਚ ਇਨ੍ਹਾਂ ਦਾ ਰਾਜਨੀਤਿਕ ਪ੍ਰਸਾਰ ਹੋਇਆ। ਇਨ੍ਹਾਂ ਦਾ ਸਮਾਜਕ ਜੀਵਨ ਚਾਰ ਆਸ਼ਰਮਾਂ ਵਿਚ ਵੰਡਿਆ ਗਿਆ ਅਤੇ ਜੀਵਨ ਦੇ ਹਰ ਭਾਗ ਵਿਚ ਮਨੁੱਖ ਵਿਚ ਮਨੁੱਖ ਲਈ ਵੱਖ-ਵੱਖ ਜ਼ਿੰਮੇਵਾਰੀਆਂ ਨਿਰਧਾਰਤ ਕੀਤੀਆਂ ਗਈਆਂ। ਇਨ੍ਹਾਂ ਦੇ ਰਾਜ ਦੌਰਾਨ ਰਸਮਾਂ ਰੀਤਾਂ, ਗ੍ਰੰਥ ਤੇ ਸਭ ਤਰ੍ਹਾਂ ਦੀਆਂ ਪਰੰਪਰਾਵਾਂ ਨੇ ਪੰਜਾਬ ਵਿਚ ਆਪਣੀਆਂ ਜੜ੍ਹਾਂ ਪੱਕੀਆਂ ਕਰਕੇ ਪੰਜਾਬ ਤੋਂ ਬਾਹਰ ਆਪਣਾ ਪ੍ਰਸਾਰ ਆਰੰਭ ਕੀਤਾ। ਪਿੱਛੋਂ ਜਾਤੀ ਪ੍ਰਥਾ ਨੇ ਸਮਾਜ ਨੂੰ ਚਾਰ ਭਾਗਾਂ ਵਿਚ ਵੰਡ ਦਿੱਤਾ ਜਿਸ ਨਾਲ ਮਨੁੱਖਾਂ ਵਿਚਕਾਰ ਵਿਤਕਰੇ ਦਾ ਮੁੱਢ ਬੱਝ ਗਿਆ ਜਿਸ ਦਾ ਸ਼ਿਕਾਰ ਇਹ ਸਮਾਜ ਸਦੀਆਂ ਤੱਕ ਹੋਇਆ ਰਿਹਾ ਤੇ ਅੱਜ ਤੱਕ ਸਮਾਜ ਨੂੰ ਇਸ ਤੋਂ ਛੁਟਕਾਰਾ ਨਹੀਂ ਮਿਲਿਆ।

ਇਸ ਤੋਂ ਪਿੱਛੋਂ ਪੰਜਾਬ ਦੀ ਧਰਤੀ ਉੱਤੇ ਕਈ ਰਾਜ ਆਏ ਤੇ ਕਈ ਗਏ ਅਤੇ ਧਾਰਮਿਕ ਪਰੰਪਰਾਵਾਂ ਨੇ ਜਨਮ ਲਿਆ। ਪੰਜਾਬ ਉੱਤੇ ਯੂਨਾਨੀ ਹਮਲੇ ਸਮੇਂ ਇਥੇ ਅਠਾਈ ਛੋਟੇ-ਛੋਟੇ ਖੁਦਮੁਖਤਾਰ ਰਾਜਾਂ ਦਾ ਜ਼ਿਕਰ ਆਉਂਦਾ ਹੈ ਜਿਨ੍ਹਾਂ ਨੂੰ ਖਤਮ ਕਰਕੇ ਵੱਡੇ ਰਾਜ ਬਣਦੇ ਗਏ।

**ਸੁਲਤਾਨ ਕਾਲ ਸਮੇਂ ਪੰਜਾਬ**

**ਸੁਲਤਾਨ ਕਾਲ ਸਮੇਂ ਪੰਜਾਬ** - ਦਸਵੀਂ ਸਦੀ ਦੇ ਪਿਛਲੇ ਅੱਧ ਵਿਚ ਗਜ਼ਨੀ ਰਾਜ ਦੇ ਦੋ ਤੁਰਕ ਸ਼ਾਸ਼ਕਾਂ-ਅਲਪਤਗੀਨ ਅਤੇ ਸੁਬੁਕਤਗੀਨ ਨੇ ਪੰਜਾਬ ਦੇ ਹਿੰਦੂਸ਼ਾਹੀ ਰਾਜਾਂ ਉੱਤੇ ਹਮਲੇ ਸ਼ੁਰੂ ਕਰ ਦਿੱਤੇ। ਸੁਬੁਕਤਗੀਨ ਤੋਂ ਬਾਅਦ ਉਸ ਦੇ ਪੁੱਤਰ ਸੁਲਤਾਨ ਮਹਿਮੂਦ ਨੇ ਭਾਰਤ ਉੱਤੇ ਸਤਾਰ੍ਹਾਂ ਹਮਲੇ ਕੀਤੇ ਤੇ ਹਰ ਵਾਰ ਇਹ ਹਮਲਾਵਰ ਪੰਜਾਬ ਦੀ ਧਰਤੀ ਨੂੰ ਲਤਾੜ ਕੇ ਅਗਾਂਹ ਤੁਰਦੇ ਰਹੇ। ਇਨ੍ਹਾਂ ਹਮਲਿਆਂ ਦੇ ਸਨਮੁੱਖ ਹਿੰਦੂਸ਼ਾਹੀਆਂ ਨੂੰ ਚਾਰ ਵਾਰ ਆਪਣੀ ਰਾਜਧਾਨੀ ਬਦਲਣੀ ਪਈ। ਹਿੰਦੂਸ਼ਾਹੀ ਪਿੱਛੇ ਹਟਦੇ ਗਏ ਤੇ ਗਜ਼ਨਵੀ ਅੱਗੇ ਵਧਦੇ ਆਏ ਜਿਸ ਦੇ ਫਲਸਰੂਪ 1021 ਈ. ਵਿਚ ਪੰਜਾਬ ਦਾ ਵਧੇਰੇ ਹਿੱਸਾ ਸਿੱਧੇ ਤੌਰ ਤੇ ਤੁਰਕਾਂ ਤੇ ਅਧਿਕਾਰ ਹੇਠ ਆ ਗਿਆ। ਇਸ ਤਰ੍ਹਾਂ ਜਮਨਾ ਪਾਰ ਦੇ ਹਮਲਿਆਂ ਲਈ ਪੰਜਾਬ ਹਮਲਾਵਰਾਂ ਦਾ ਇਕ ਫੌਜੀ ਅੱਡਾ ਬਣ ਗਿਆ ਤੇ ਇਸ ਵਿਚੋਂ ਦੀ ਅਗਾਂਹ ਵਧਣ ਲਈ ਗਜ਼ਨਵੀਆਂ ਨੂੰ ਤੇ ਅਗਲੇਰੇ ਹਮਲਾਵਰਾਂ ਨੂੰ ਇਕ ਸ਼ਾਹਰਾਹ ਪ੍ਰਾਪਤ ਹੋ ਗਿਆ।

ਪਿੱਛੋਂ ਗੌਰੀਆਂ ਦੇ ਆਗੂ ਸ਼ਹਾਦ-ਉਦ-ਦੀਨ, ਸੁਲਤਾਨ ਮਹਿਮੂਦ ਦੇ ਮੁਕਾਬਲੇ ਵਿਚ ਵਧੇਰੇ ਦ੍ਰਿੜ੍ਹ ਸਿੱਧ ਹੋਇਆ ਅਤੇ ਉਸ ਦਾ ਇਰਾਦਾ ਵਧੇਰੇ ਸਪੱਸ਼ਟ ਸੀ। ਉਹ ਪੰਜਾਬ ਅਤੇ ਪਿੱਛੋਂ ਭਾਰਤ ਉੱਤੇ ਆਪਣਾ ਪੱਕਾ ਕਬਜ਼ਾ ਕਰਨਾ ਚਾਹੁੰਦਾ ਸੀ। ਸ਼ਹਾਦ-ਉਦ-ਦੀਨ ਨੂੰ ਪੰਜਾਬ ਦੀ ਇਕ ਮੁਹਿੰਮ ਤੋਂ ਵਾਪਸੀ ਸਮੇਂ 1206 ਈ. ਵਿਚ ਦਮਿਆਲ ਦੇ ਸਥਾਨ ਤੇ ਇਕ ਪੰਜਾਬੀ ਗੱਖੜ ਨੇ ਮਾਰ ਦਿੱਤਾ। ਉਸ ਪਿੱਛੋਂ ਉਸ ਦਾ ਇਕ ਗੁਲਾਮ ਕੁਤਬ-ਉਦ-ਦੀਨ ਐਬਕ ਉੱਤਰੀ ਭਾਰਤ ਦਾ ਹਾਕਮ ਬਣਿਆ। ਇਹ ਹਾਕਮ 1290 ਈ. ਤੱਕ ਪੰਜਾਬ ਉੱਤੇ ਰਾਜ ਕਰਦੇ ਰਹੇ।

ਇਸ ਪਿੱਛੋਂ ਮੰਗੋਲ ਪੰਜਾਬ ਦੀ ਉੱਤਰ-ਪੱਛਮੀ ਸੀਮਾ ਪਾਰ ਕਰਕੇ ਪੰਜਾਬ ਵਿਚ ਇਕ ਹੜ੍ਹ ਦੀ ਤਰ੍ਹਾਂ ਆ ਦਾਖਲ ਹੋਏ। ਉਨ੍ਹਾਂ ਦਾ ਕਹਿਰ ਪੰਜਾਬ ਅਤੇ ਦਿੱਲੀ ਨੂੰ ਸਹਿਣਾ ਪਿਆ। ਇਨ੍ਹਾਂ ਬਾਹਰੀ ਹਮਲਿਆਂ ਨਾਲ ਪੰਜਾਬ ਦੀ ਮਾਣ-ਮਰਿਯਾਦਾ ਵਿਚ ਕੁਝ ਤਬਦੀਲੀਆਂ ਆਈਆਂ। ਪੰਜਾਬ ਉਸ ਵੇਲੇ ਕਈ ਭਾਗਾਂ ਵਿਚ ਵੰਡਿਆ ਹੋਇਆ ਸੀ ਜਿਵੇਂ ਲਾਹੌਰ, ਮੁਲਤਾਨ, ਦੀਪਾਲਪੁਰ, ਜਲੰਧਰ, ਸਰਹਿੰਦ, ਸਮਾਣਾ ਆਦਿ। ਇਹ ਇਲਾਕੇ ਵੱਖ-ਵੱਖ ਹਾਕਮਾਂ ਅਧੀਨ ਸਨ। ਪੰਜਾਬ ਇਕ ਮਹੱਤਵਪੂਰਨ ਸਰਹੱਦੀ ਇਲਾਕਾ ਸੀ। ਪੰਜਾਬ ਅਤੇ ਦਿੱਲੀ ਦੀਆਂ ਸਰਕਾਰਾਂ ਨੂੰ ਮੰਗੋਲਾ ਦੇ ਪੱਛਮ ਵੱਲ ਲਗਾਤਾਰ ਹਮਲਿਆਂ ਕਾਰਨ ਪੰਜਾਬ ਦੀਆਂ ਸਰਹੱਦਾਂ ਵੱਲ ਵਧੇਰੇ ਧਿਆਨ ਦੇਣ ਦੀ ਲੋੜ ਸੀ ਜਿਸ ਦੇ ਫਲਸਰੂਪ ਕੁਤਬ-ਉਦ-ਦੀਨ ਨੇ ਲਾਹੌਰ ਨੂੰ ਆਪਣੀ ਰਾਜਧਾਨੀ ਬਣਾਇਆ ਅਤੇ ਪੰਜਾਬ ਦੀਆਂ ਸਰਹੱਦਾਂ ਉੱਤੇ ਸੁਰੱਖਿਆ ਪ੍ਰਬੰਧ ਪੱਕੇ ਕੀਤੇ। ਅਲਤਮਸ਼ ਅਤੇ ਬਲਬਨ, ਦਾਸ ਬੰਸ ਦੇ ਸ਼ਕਤੀਸ਼ਾਲੀ ਹਾਕਮ ਹੋਏ ਹਨ ਜਿਨ੍ਹਾਂ ਨੇ ਪੰਜਾਬ ਨੂੰ ਬਾਹਰੀ ਹਮਲਿਆਂ ਤੋਂ ਬਚਾਉਣ ਲਈ ਯਤਨ ਕੀਤੇ।

ਦਾਸ ਬੰਸ ਪਿੱਛੋਂ 1290 ਈ. ਵਿਚ ਇਸ ਬੰਸ ਦੀ ਥਾਂ ਖਿਲਜੀ ਬੰਸ ਨੇ ਲੈ ਲਈ। ਅਲਾਉਦੀਨ ਖਿਲਜੀ ਨੇ ਪੰਜਾਬ ਦੀ ਮਹੱਤਤਾ ਨੂੰ ਚੰਗੀ ਤਰ੍ਹਾਂ ਸਮਝਿਆ ਅਤੇ ਸਦਾ ਇਸ ਦੇ ਸਰਹੱਦੀ ਇਲਾਕੇ ਵਿਚ ਸੁਯੋਗ ਅਫ਼ਸਰ ਨਿਯੁਕਤ ਕੀਤੇ। ਇਸੇ ਤਰ੍ਹਾਂ ਪਿੱਛੋਂ ਤੁਗਲਕ ਬੰਸ ਦੇ ਮੋਢੀ ਗਿਆਸ-ਉਦ-ਦੀਨ ਨੇ ਪੰਜਾਬ ਵੱਲ ਵਿਸ਼ੇਸ਼ ਧਿਆਨ ਦਿੱਤਾ। ਉਹ ਇਕ ਪੰਜਾਬਣ ਦੇ ਪੇਟੋਂ ਪੈਦਾ ਹੋਇਆ ਸੀ। ਸੰਨ 1398 ਵਿਚ ਤੁਗਲਕ ਬੰਸ ਤੈਮੂਰ ਦੇ ਹਮਲੇ ਕਾਰਨ ਨਸ਼ਟ ਹੋ ਗਿਆ। ਤੈਮੂਰ ਦੇ ਨਾਇਬ ਖਿਜ਼ਰ ਖਾਂ ਨੇ ਸੱਯਦ ਬੰਸ ਦੀ ਨੀਂਹ

ਰੱਖੀ। ਉਸ ਨੇ ਮੁਲਤਾਨ ਅਤੇ ਦੀਪਾਲਪੁਰ ਉੱਤੇ ਆਪਣਾ ਅਧਿਕਾਰ ਜਮਾ ਲਿਆ ਅਤੇ ਲਾਹੌਰ ਅਤੇ ਪੰਜਾਬ ਦੇ ਕਈ ਹੋਰ ਭਾਗਾਂ ਉੱਤੇ ਆਪਣਾ ਪੱਕਾ ਕਬਜ਼ਾ ਕਰ ਲਿਆ ਅਤੇ ਪਿੱਛੋਂ ਬਹਿਲੋਲ ਲੋਧੀ ਨੇ ਪੰਜਾਬ ਉੱਤੇ ਆਪਣੀ ਪਕੜ ਪੱਕੀ ਕਰ ਲਈ।

ਸੁਲਤਾਨਾਂ ਦੇ ਰਾਜ ਸਮੇਂ ਪੰਜਾਬ ਵਿਚ ਉੱਚੀਆਂ ਪਦਵੀਆਂ ਦਾ ਲਾਭ ਕੇਵਲ ਮੁਸਲਮਾਨਾਂ ਨੂੰ ਮਿਲਿਆ, ਵਿਸ਼ੇਸ਼ ਕਰ ਕੇ ਉਨ੍ਹਾਂ ਨੂੰ ਜੋ ਬਾਹਰੋਂ ਆਏ ਸਨ। ਹਿੰਦੂਆਂ ਤੋਂ ਮੁਸਲਮਾਨ ਬਣਨ ਵਾਲਿਆਂ ਨੂੰ 'ਰਜ਼ੀਲ' ਜਾਂ ਹਲਕੀ ਜਾੜ ਵਾਲੇ ਸਮਝਿਆ ਜਾਂਦਾ ਸੀ। ਇਸ ਕਾਲ ਵਿਚ ਹਿੰਦੂਆਂ ਨੂੰ ਦੂਜੇ ਦਰਜੇ ਦੇ ਸ਼ਹਿਰੀ ਦੇ ਅਧਿਕਾਰੀ ਦਿੱਤੇ ਜਾਂਦੇ ਸਨ। ਉਨ੍ਹਾਂ ਨੂੰ ਖੇਤੀਬਾੜੀ ਅਤੇ ਵਣਜ ਵਪਾਰ ਵਿਚ ਵਿਸ਼ੇਸ਼ ਸਥਾਨ ਤੋਂ ਵੰਚਿਤ ਨਹੀਂ ਕੀਤਾ ਗਿਆ ਕਿਉਂਕਿ ਇਸ ਤਰ੍ਹਾਂ ਸਰਕਾਰ ਨੂੰ ਲਾਭ ਪੁੱਜਦਾ ਸੀ। ਇਹ ਠੀਕ ਹੈ ਕਿ ਹਿੰਦੂਆਂ ਨੂੰ ਕੁਝ ਮੁੱਢਲੀਆਂ ਸਹੂਲਤਾਂ ਪ੍ਰਾਪਤ ਸਨ। ਹਿੰਦੂਸ਼ਾਹੀਆਂ ਤੋਂ ਪਿੱਛੋਂ ਦੇ ਕਾਲ ਵਿਚ ਗੱਖੜਾਂ ਤੋਂ ਬਿਨਾਂ ਮੁਸਲਮਾਨ ਜਾਂ ਤੁਰਕ ਹਾਕਮਾਂ ਨਾਲ ਟੱਕਰ ਲੈਣ ਨਾਲ ਕੋਈ ਹੋਰ ਨਹੀਂ ਸੀ। ਪੰਜਾਬ ਦੇ ਹਿੰਦੂਆਂ ਵਿਚ ਜਾਨ ਨਹੀਂ ਸੀ ਰਹੀ ਲੱਗਦੀ। ਪਹਾੜਾਂ ਵਿਚ ਜਿਵੇਂ ਕਾਂਗੜਾ ਮੰਡੀ ਤੇ ਚੰਬਾ ਵਰਗੇ ਇਲਾਕਿਆਂ ਵਿਚ ਰਾਜਪੂਤ ਰਾਜ ਕਰਦੇ ਸਨ ਕਿਉਂਕਿ ਉਹ ਤੁਰਕਾਂ ਦੀ ਮਾਰ ਤੋਂ ਬਚੇ ਹੋਏ ਸਨ। ਇਹ ਹੈਰਾਨੀ ਦੀ ਗੱਲ ਹੈ ਕਿ ਉਨ੍ਹਾਂ ਨੇ ਚੰਗਾ ਮੌਕਾ ਮਿਲਣ ਤੇ ਵੀ ਤੁਰਕਾਂ ਦਾ ਟਾਕਰਾ ਕਰਨ ਦਾ ਕਦੇ ਸਾਹਸ ਨਹੀਂ ਸੀ ਕੀਤਾ।

ਸੁਲਤਾਨ-ਕਾਲ ਵਿਚ ਪੰਜਾਬ ਵਿਚ ਛਾਉਣੀਆਂ ਦੀ ਭਰਮਾਰ ਕਰਕੇ ਪੰਜਾਬ ਇਕ ਫ਼ੌਜੀ ਕੈਂਪ ਬਣ ਗਿਆ ਸੀ। ਇਸ ਸਮੇਂ ਭਾਰੀ ਗਿਣਤੀ ਵਿਚ ਧਰਮ ਪਰਿਵਰਤਨ ਨੇ ਹਿੰਦੂਆਂ ਦੇ ਹੌਂਸਲੇ ਪ੍ਰਸਤ ਕਰ ਦਿੱਤੇ ਸਨ। ਪੰਜਾਬ ਦੇ ਬਹੁਤ ਸਾਰੇ ਰਾਜਪੂਤ ਕਬੀਲਿਆਂ ਨੇ ਹਿੰਦੂ ਮਤ ਤਿਆਗ ਕੇ ਇਸਲਾਮ ਧਾਰਨ ਕਰ ਲਿਆ ਸੀ ਜਿਸ ਕਰਕੇ ਉਨ੍ਹਾਂ ਦੇ ਚਰਿੱਤਰ ਵਿਚੋਂ ਸਵੈ-ਮਾਣ ਤੇ ਸਵੈ-ਵਿਸ਼ਵਾਸ਼ ਵਰਗੇ ਬਹੁ-ਮੁਲੇ ਗੁਣ ਲੋਪ ਹੋ ਗਏ ਸਨ। ਇਉਂ ਲੱਗਦਾ ਹੈ ਕਿ ਇਸ ਸਭ ਕੁਝ ਪਿੱਛੇ ਇਨ੍ਹਾਂ ਲੋਕਾਂ ਦੀ ਕੋਈ ਰਾਜਸੀ ਜਾਂ ਆਰਥਿਕ ਮਜ਼ਬੂਰੀ ਸੀ। ਹੁਣ ਸਭ ਵੱਡੇ ਅਹੁਦੇ ਕੇਵਲ ਮੁਸਲਮਾਨਾਂ ਲਈ ਹੀ ਰਾਖਵੇਂ ਹੋ ਗਏ ਸਨ।

ਇਸ ਸਮੇਂ ਕਦੇ ਹਿੰਦੂਆਂ ਦੇ ਮੰਦਰ ਢਾਹ ਦਿੱਤੇ ਜਾਂਦੇ, ਕਦੇ ਉਨ੍ਹਾਂ ਦੇ ਕੋਈ ਬੁਤ ਤੋੜ ਦਿੱਤੇ ਜਾਂਦੇ। ਕਦੇ ਚੰਗੇ ਕੱਪੜੇ ਪਹਿਨਣ ਅਤੇ ਘੋੜਿਆਂ ਦੀ ਸਵਾਰੀ ਦੀ ਮਨਾਹੀ ਕਰ ਦਿੱਤੀ ਜਾਂਦੀ। ਅਜਿਹੀਆਂ ਚੋਭਾਂ ਉਨ੍ਹਾਂ ਨੂੰ ਉਨ੍ਹਾਂ ਦੀ ਬੇਬਸੀ ਦਰਸਾਉਂਦੀਆਂ ਰਹੀਆਂ। ਦੂਜੇ ਪਾਸੇ ਪੁਰੋਹਿਤ-ਸ਼੍ਰੇਣੀ ਇਨ੍ਹਾਂ ਲੋਕਾਂ ਨੂੰ ਕਈ ਤਰ੍ਹਾਂ ਦੇ ਕਰਮਕਾਂਡਾਂ ਵਿਚ ਫਸਾਈ ਰੱਖਦੀ ਸੀ ਤੇ ਉਨ੍ਹਾਂ ਅੰਦਰ ਆਪਣੀ ਤਕਦੀਰ ਦੀਆਂ ਮਜ਼ਬੂਰੀਆਂ ਦਰਸਾ ਕੇ ਉਨ੍ਹਾਂ ਨੂੰ ਕਮਜ਼ੋਰ ਕਰੀ ਰੱਖਦੀ ਸੀ।

ਇਸ ਕਾਲ ਵਿਚ ਪੰਜਾਬ ਵਿਚ ਕਈ ਮੁਸਲਮਾਨ ਸੂਫ਼ੀਆਂ ਦੇ ਟਿਕਾਣੇ ਸਨ ਜਿਹੜੇ ਇਸਲਾਮ ਦੀ ਪੂਰੀ ਸ਼ਰਵਾਂ ਦੀ ਪਾਲਣਾ ਤੋਂ ਜ਼ਰਾ ਪਿੱਛੇ ਹੱਟ ਕੇ ਕਈ ਵਾਰ ਖੁਲ੍ਹੀ ਤਾਲੀਮ ਦਿੰਦੇ ਸਨ ਤੇ ਸਭ ਦੇ ਭਾਈ ਭਾਈ ਹੋਣ ਅਤੇ ਇਕ ਰੱਬ ਦੀ ਔਲਾਦ ਹੋਣ ਦੀ ਸਿੱਖਿਆ ਦਿੰਦੇ ਸਨ। ਉਨ੍ਹਾਂ ਦੇ ਡੇਰਿਆਂ ਤੇ ਹਿੰਦੂ ਵੀ ਚੋਖੀ ਸੰਖਿਆ ਵਿਚ ਜਾਣ ਲੱਗ ਪਏ ਸਨ ਤੇ ਉਨ੍ਹਾਂ ਦੇ ਪੈਰੋਕਾਰ ਬਣ ਗਏ ਸਨ। ਹਿੰਦੂਆਂ ਦੇ ਮੁਸਲਮਾਨ ਬਣਨ ਵਿਚ ਸੂਫ਼ੀਆਂ ਦਾ ਵੀ ਬੜਾ ਤਕੜਾ ਯੋਗਦਾਨ ਸੀ।

ਹਿੰਦੂਆਂ ਅਤੇ ਮੁਸਲਮਾਨਾਂ ਦੇ ਦੁਮੇਲ ਦਾ ਉਨ੍ਹਾਂ ਦੀ ਭਾਸ਼ਾ, ਸਾਹਿਤ ਅਤੇ ਕਲਾ ਉੱਤੇ ਵੀ ਚੋਖਾ ਪ੍ਰਭਾਵ ਪਿਆ। ਇਸ ਸਮੇਂ ਹੀ ਪੰਜਾਬ ਵਿਚ ਉਰਦੂ ਦਾ ਜਨਮ ਹੋਇਆ। ਬਾਹਰੋਂ ਆਉਣ ਵਾਲਿਆਂ ਦੀ ਬੋਲੀ ਹੋਰ ਸੀ ਅਤੇ ਇਥੋਂ ਦੇ ਲੋਕਾਂ ਦੀ ਬੋਲੀ ਵਿਚ ਫ਼ਰਕ ਸੀ। ਇਸ ਲਈ ਇਨ੍ਹਾਂ ਦੇ ਮੇਲ-ਜੋਲ ਵਿਚੋਂ ਵਿਵਹਾਰਿਕ ਮਨੋਰਥਾਂ ਲਈ ਇਕ ਨਵੀਂ ਬੋਲੀ ਉਤਪੰਨ ਹੋ ਗਈ ਜਿਸ ਨੂੰ ਉਰਦੂ ਕਿਹਾ ਜਾਣ ਲੱਗ ਪਿਆ। ਇਸ ਸਮੇਂ ਪੰਜਾਬੀ ਦਾ ਵਿਕਾਸ ਹੋਣਾ ਵੀ ਆਰੰਭ ਹੋ ਗਿਆ ਅਤੇ ਉਰਦੂ ਅਤੇ ਪੰਜਾਬੀ ਦਾ ਇਕ ਦੂਜੇ ਉੱਤੇ ਬੜਾ ਪ੍ਰਭਾਵ ਪਿਆ। ਹਿੰਦੂ-ਮੁਸਲਮਾਨ ਮੇਲ ਤੋਂ ਕਈ ਚੰਗੇ ਪ੍ਰਭਾਵ ਵੀ ਉਤਪੰਨ ਹੋਏ। ਇਨ੍ਹਾਂ ਨੇ ਇਕ ਦੂਜੇ ਤੋਂ ਚੰਗੇ ਗੁਣ ਗ੍ਰਹਿਣ ਕੀਤੇ ਅਤੇ ਇਕ ਦੂਜੇ ਲਈ ਸਹਿਣਸੀਲਤਾ ਵੀ ਪੈਦਾ ਹੋਈ। ਗੁਰੂ ਨਾਨਕ ਸਾਹਿਬ ਵਰਗੇ ਮਹਾਨ ਧਾਰਮਿਕ ਆਗੂਆਂ ਨੇ ਥਾਂ-ਥਾਂ ਘੁੰਮ ਕੇ ਹਿੰਦੂ ਅਤੇ ਮੁਸਲਮਾਨਾਂ ਨੂੰ ਸਾਂਝੇ ਉਪਦੇਸ਼ ਦੇ ਕੇ ਉਨ੍ਹਾਂ ਦੀ ਇਕ ਦੂਜੇ ਪ੍ਰਤੀ ਕੱਟੜਤਾ ਨੂੰ ਘਟਾਇਆ।

ਸਮਕਾਲੀ ਸੁਧਾਰਕਾਂ ਅਤੇ ਸਿੱਖ ਗੁਰੂ ਸਾਹਿਬਾਨ ਵਿਚਕਾਰ ਕੁਝ ਸਾਂਝੀਆਂ ਗੱਲਾਂ ਵੀ ਸਨ। ਭਾਵੇਂ ਇਹ ਸਭ ਮਹਾਂਪੁਰਖ ਸਮਾਜ ਦੀਆਂ ਪ੍ਰਚਲਿਤ ਧਾਰਮਿਕ ਰਹੁ-ਰੀਤਾਂ ਨੂੰ ਸ਼ੁਧ ਕਰਨਾ ਚਾਹੁੰਦੇ ਸਨ ਪਰ ਗੈਰ ਸਿੱਖ ਸੁਧਾਰਕ ਇਸ ਸਰੀਰ ਅਤੇ ਜ਼ਿੰਦਗੀ ਦੀ ਨਾਸ਼ਵਾਨਤਾ ਤੇ ਵਧੇਰੇ ਪ੍ਰਭਾਵਿਤ ਸਨ ਅਤੇ ਉਹ ਇਕ ਨਵਾਂ ਨਰੋਆ ਸਮਾਜ ਸਥਾਪਤ ਕਰਨ ਵਿਚ ਦਿਲਚਸਪੀ ਨਹੀਂ ਸਨ ਰੱਖਦੇ ਜੋ ਕਨਿੰਘਮ ਦੇ ਸ਼ਬਦਾਂ ਵਿਚ ਉਹ ਕੇਵਲ ਪੁਜਾਰੀ ਸ਼੍ਰੇਣੀ ਤੋਂ ਹੀ ਛੁਟਕਾਰਾ ਪਾਉਣ ਜਾਂ ਮੂਰਤੀ ਪੂਜਾ ਅਤੇ ਅਨੇਕ-ਰੱਬਾਂ ਦੇ ਸਿਧਾਂਤ ਤੋਂ ਸਮਾਜ ਨੂੰ ਮੁਕਤ ਕਰਾਉਣਾ ਚਾਹੁੰਦੇ ਸਨ। ਉਨ੍ਹਾਂ ਨੇ ਕੇਵਲ ਪੁਰਾਤਨ ਵਿਰੋਧੀ ਵਿਚਾਰਾਂ ਨੂੰ ਹੀ ਪੱਕਿਆਂ ਕੀਤਾ ਅਤੇ ਲੋਕਾਂ ਵਿਚ ਕੋਈ ਰਾਸ਼ਟਰੀ ਭਾਵਨਾ ਨਹੀਂ ਜਗਾਈ। ਉਨ੍ਹਾਂ ਸੁਧਾਰਕਾਂ ਦੇ ਫ਼ਿਰਕੇ ਉਥੇ ਹੀ ਖੜ੍ਹੇ ਸੁਧਾਰ ਦੇ ਸੱਚੇ ਅਸੂਲਾਂ ਨੂੰ ਸਮਝਣ ਅਤੇ ਉਨ੍ਹਾਂ ਨੂੰ ਪ੍ਰਚਲਿਤ ਕਰਨ ਦਾ ਕੰਮ ਗੁਰੂ ਨਾਨਕ ਜੀ ਦੇ ਹਿੱਸੇ ਆਇਆ ਅਤੇ ਉਹ ਨੀਹਾਂ ਕੇਵਲ ਗੁਰੂ ਨਾਨਕ ਜੀ ਨੇ ਹੀ ਰੱਖੀਆਂ ਜਿਨ੍ਹਾਂ ਉੱਤੇ ਪਿਛੋਂ ਗੁਰੂ ਗੋਬਿੰਦ ਸਿੰਘ ਜੀ ਨੇ ਉਸਾਰੀ ਕੀਤੀ ਅਤੇ ਉਸ ਅਸੂਲ ਨੂੰ ਅਮਲੀ ਰੂਪ ਦਿੱਤਾ ਜਿਸ ਦੁਆਰਾ ਉਨ੍ਹਾਂ ਨੇ ਨਸਲ, ਫਿਰਕੇ, ਰਾਜਸੀ ਹੱਕਾਂ ਅਤੇ ਧਾਰਮਿਕ ਮਾਮਲਿਆਂ ਵਿਚ ਨੀਚਾਂ ਨੂੰ ਉੱਚਾ ਬਣਾ ਦਿੱਤਾ।

ਸਿੱਖ ਧਰਮ, ਹਿੰਦੂ ਅਤੇ ਬੁੱਧ ਧਰਮਾਂ ਦੇ ਉਲਟ ਮਨੁੱਖ ਅਤੇ ਉਸ ਦੇ ਸਰੀਰ ਨੂੰ ਵਧੇਰੇ ਸਨਮਾਨਯੋਗ ਸਮਝਦਾ ਹੈ। ਮਨੁੱਖ ਅਫ਼ਜ਼ਲ-ਉਲ-ਮਖ਼ਲੂਕਾਤ (ਰੱਬ ਦੀ ਸਭ ਤੋਂ ਉੱਤਮ ਉਪਜ) ਹੈ। ਇਹ ਕੇਵਲ ਮਿੱਟੀ ਦੀ ਹੀ ਇਕਮੁੱਠ ਨਹੀਂ ਹਨ। ਮਨੁੱਖੀ ਸਰੀਰ ਇਕ ਅਸ਼ੁੱਧ ਭਾਂਡਾ ਨਹੀਂ ਸਗੋਂ ਰੱਬ ਦਾ ਮੰਦਰ ਹੈ ਜੋ ਸਨਮਾਨ ਅਤੇ ਉਪਮਾ ਦੇ ਯੋਗ ਹੈ। ਇਸਤਰੀ ਸ਼ਕਤੀਸ਼ਾਲੀ ਯੋਧਿਆਂ ਦੀ ਮਾਂ ਹੈ ਅਤੇ ਇਸ ਨੂੰ ਬਹੁਤ ਉੱਚਾ ਅਤੇ ਉੱਤਮ ਸਥਾਨ ਪ੍ਰਾਪਤ ਹੈ। ਸਿੱਖ ਧਰਮ ਵਿਚ ਮਨੁੱਖ, ਇਸਤਰੀ ਅਤੇ ਮਨੁੱਖੀ ਸਰੀਰ ਨੂੰ ਨੀਵਾਂ ਨਹੀਂ ਸਮਝਿਆ ਜਾਂਦਾ। ਜ਼ਿੰਦਗੀ ਦੇ ਸਾਦਾ ਸ਼ੁਭ-ਗੁਣਾਂ ਜਿਵੇਂ ਪਵਿੱਤਰਤਾ, ਸਬਰ, ਸੇਵਾ ਅਤੇ ਕੁਰਬਾਨੀ ਨੂੰ ਸਿੱਖ ਮਤ ਵਿਚ ਉੱਤਮ ਗਿਣਿਆਂ ਜਾਂਦਾ ਹੈ। ਸਿੱਖ ਮਤ ਨੇ ਗੁਰੂ ਨਾਨਕ ਜੀ ਦੇ ਸਮੇਂ ਤੋਂ ਲੈ ਕੇ ਗੁਰੂ ਗੋਬਿੰਦ ਸਿੰਘ ਜੀ ਤੱਕ ਦੇ ਦੋ ਸੌ ਸਾਲਾਂ ਦੇ ਸਮੇਂ ਵਿਚ ਆਪਣੀ ਰਹਿਤ ਮਰਿਯਾਦਾ ਅਤੇ ਸਮਾਜਿਕ ਆਦਰਸ਼ਾਂ ਨੂੰ ਅੰਤਿਮ ਰੂਪ ਦੇ ਕੇ ਆਪਣੇ ਸ਼ਾਗਿਰਦਾਂ ਵਿਚ ਪੱਕਿਆਂ ਕੀਤਾ।

**ਮੁੱਖ ਸਰੋਤ - ਪੰਜਾਬ ਕੋਸ਼, ਭਾਸ਼ਾ ਵਿਭਾਗ, ਪੰਜਾਬ।**

**ਚਲਦਾ**

(ਲੜੀ ਜੋੜਨ ਲਈ 'ਲੁਬਾਣਾ ਸੇਵਕ' ਦਾ ਨਵੰਬਰ ਅੰਕ ਦੇਖੋ ਜੀ)

# "ਆਸਾ ਦੀ ਵਾਰ ਦਾ ਭਾਵ"



ਗੁਰਚਰਨ ਸਿੰਘ
ਸੀਨੀਅਰ ਵਾਇਸ ਪ੍ਰਧਾਨ
(ਹੈੱਡ ਕੁਆਰਟਰ)

**ਆਸਾ ਦੀ ਵਾਰ ਭਾਵ ਬਾਰੇ ਚਰਚਾ ਦਾ ਮੁੱਖ ਮੰਤਵ ਨਵੀਂ ਪੀੜ੍ਹੀ ਅਤੇ ਰੁਚੀ ਰੱਖਣ ਵਾਲੇ ਜਗਿਆਸੂਆਂ ਦੀ ਜਾਣਕਾਰੀ ਹਿੱਤ ਹੈ। ਆਮ ਤੌਰ ਤੇ ਬਹੁਤ ਪ੍ਰੇਮੀ ਸਿਰਫ਼ ਪਾਠ ਸੁਣਦੇ ਹਨ; ਪ੍ਰੰਤੂ ਵਿਰਲੇ ਹੀ ਵਿਚਾਰ ਕਰਕੇ ਜ਼ਿਆਦਾ ਸਮਝਣ ਵੱਲ ਕਦਮ ਪੁੱਟਦੇ ਹਨ।**

**ਅੰਤਰਿ ਆਦਿ ਵਸੈ ਗੁਰ ਸਬਦੁ ਵੀਚਾਰੈ ਕੋਇ ॥**
**ਨਾਨਕ ਸਬਦ ਮਨੈ ਮਨੁ ਮਾਨੀਐ ਸਾਚੇ ਸਾਚੀ ਸੋਇ ॥**

ਸਚਾਈ ਕਦੇ ਵੀ ਕਿਸੇ ਇਕ ਜਾਤੀ ਵਿਸ਼ੇਸ਼ ਦੀ ਅਮਾਨਤ ਨਹੀਂ ਹੋ ਸਕਦੀ, ਨਾ ਹੈ ਤੇ ਨਾ ਕਦੀ ਹੋਵੇਗੀ। ਸੋ **'ਆਸਾ ਦੀ ਵਾਰ'** ਅਤੇ ਹੋਰ ਗੁਰਬਾਣੀ ਸਭ ਮਨੁੱਖਤਾ ਲਈ ਸਰਬ ਸਾਂਝੀ ਹੈ। ਇਸ ਲਈ ਬਾਣੀ ਨੂੰ ਵਿਚਾਰਨ ਨਾਲ ਹੀ ਸੋਝੀ ਪੈਂਦੀ ਹੈ : **"ਜਨਮ ਮਰਨ ਕਾ ਦੁਖ ਗਇਆ, ਜਨ ਨਾਨਕ ਸਬਦੁ ਵੀਚਾਰਿ"।** ਆਸਾ ਦੀ ਵਾਰ ਅਤੇ ਸਾਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਗੁਰਬਾਣੀ ਅਕਾਲ ਪੁਰਖ ਦੀ ਹੈ ਅਤੇ ਜਿਸ ਤੇ ਕੋਈ ਸੰਕਾ, ਕਿੰਤੂ-ਪ੍ਰੰਤੂ ਨਹੀਂ ਹੈ ਅਤੇ ਸਿਰਫ਼ ਤੇ ਸਿਰਫ਼ ਸੱਚੇ ਦੀ ਸੱਚੀ ਬਾਣੀ ਹੀ ਹੈ ਜੋ ਕਿ ਅਕਾਲ ਪੁਰਖਿ ਦੀ ਜੋਤਿ ਵਿਚੋਂ ਉਪਜੀ ਹੈ।

**ਜੋਤਿ ਰੂਪ ਹਰਿ ਆਪ ਗੁਰੂ ਨਾਨਕ ਕਹਾਯਉ ॥**
**ਤਾਂ ਤੇ ਅੰਗਦ ਭਯਿਉ ਤਤੁ ਸਿਉ ਤਤੁ ਮਿਲਾਯਉ ॥**
**ਅੰਗਦਿ ਕਿਰਪਾ ਧਾਰਿ ਅਮਰੁ ਸਤਿਗੁਰੁ ਥਿਰ ਕੀਅਉ ॥**
**ਅਮਰਦਾਸਿ ਅਮਰਤੁ ਛਤ੍ਰ ਗੁਰ ਰਾਮਹਿ ਦੀਅਉ ॥**
**ਗੁਰ ਰਾਮਦਾਸ ਦਰਸਨੁ ਪਰਸਿ ਕਹਿ ਮਥੁਰਾ ਅਮ੍ਰਿਤ ਬਯਣ ॥**
**ਮੂਰਤਿ ਪੰਚ ਪ੍ਰਮਾਣ ਪੁਰਖ ਗੁਰ ਅਰਜੁਨੁ ਪਿਖਹੁ ਨਯਣ ॥**
**ਸਤਿ ਰੂਪੁ ਸਤਿ ਨਾਮੁ ਸਤ ਸੰਤੋਖੁ ਧਰਿਓ ਉਰਿ ॥**
**ਆਦਿ ਪੁਰਖੁ ਪਰਤਖਿ ਲਿਖੵਉ ਅਛਰੁ ਮਸਤਕਿ ਧੁਰਿ ॥**
**ਪ੍ਰਗਟ ਜੋਤਿ ਜਗ ਮਗੈ ਤੇਜੁ ਭੂਅ ਮੰਡਲਿ ਛਾਯਉ ॥**
**ਪਾਰਸੁ ਪਰਸਿ ਪਰਸੁ ਪਰਸਿ ਗੁਰਿ ਗੁਰੂ ਕਹਾਯਉ ॥**
**ਭਨਿ ਮਥੁਰਾ ਮੂਰਤਿ ਸਦਾ ਥਿਰੁ ਲਾਇ ਜਿਸੁ ਸਨਮੁਖ ਰਹਹੁ ॥**
**ਕਲਜੁਗਿ ਜਹਾਜੁ ਅਰਜੁਨੁ ਗੁਰੂ ਸਗਲ ਸ੍ਰਿਸਿਟ ਲਗਿ ਬਿਤਰਹੁ ॥**

ਸੋ ਅਕਾਲ ਪੁਰਖ ਦੀ ਜੋਤੀ ਜੋ ਗੁਰੂ ਨਾਨਕ ਦੇਵ ਜੀ ਸਾਹਿਬ ਵਿਚ ਪ੍ਰਭ ਨੇ ਬਖ਼ਸ਼ਿਸ਼ ਕਰਕੇ ਆਪਣਾ ਰੂਪ ਦੇ ਕੇ ਭੇਜੀ ਸੀ, ਉਹੀ ਜੋਤਿ ਗੁਰੂ ਅੰਗਦ ਦੇਵ ਜੀ ਸਾਹਿਬ (From Guru Nanak Dev Ji His essence was absorbed into the essence of Guru Angad Dev ji) ਵਿਚ ਹੈ। ਗੁਰੂ ਅੰਗਦ ਦੇਵ ਜੀ ਨੇ ਕਿਰਪਾ ਧਾਰਿ ਕੇ ਗੁਰੂ ਅਮਰਦਾਸ ਜੀ ਵਿਚ ਜੋਤਿ ਪ੍ਰਗਟ ਕੀਤੀ; ਫਿਰ ਗੁਰੂ ਅਮਰਦਾਸ ਜੀ ਨੇ ਗੁਰੂ ਰਾਮਦਾਸ ਜੀ ਅਤੇ ਗੁਰੂ ਰਾਮਦਾਸ ਜੀ ਨੇ ਗੁਰੂ ਅਰਜਨ ਦੇਵ ਜੀ। ਇਸ ਤਰ੍ਹਾਂ ਪ੍ਰਭੂ ਜੋਤਿ ਗੁਰੂਆਂ ਦੁਆਰਾ ਯੋਗ ਅਤੇ ਸਹੀ ਪੁਰਸ਼ਾਂ ਦੀ ਪਰਖ ਕਰਕੇ ਗੁਰੂ ਗੋਬਿੰਦ ਸਿੰਘ ਸਾਹਿਬ ਜੀ ਅਤੇ ਗੁਰੂ ਗੋਬਿੰਦ ਸਿੰਘ ਸਾਹਿਬ ਜੀ ਨੇ ਹਾਜਰਾ ਹਜੂਰ, ਪ੍ਰਤੱਖ ਸ਼ਬਦ ਗੁਰੂ ਨੂੰ ਗੁਰਤਾਗੱਦੀ ਬਖ਼ਸ਼ਿਸ਼ ਕੀਤੀ ਸੀ, ਜਿਸ ਵਿਚ ਦਸ ਗੁਰੂ ਸਾਹਿਬਾਨਾਂ ਵੱਲੋਂ ਅਤੇ ਭਗਤਾਂ, ਭੱਟਾ ਅਤੇ ਹੋਰ ਭਗਤਾਂ ਦੀ ਬਾਣੀ ਜੋ ਗੁਰੂ ਸਿਧਾਂਤਾਂ ਤੇ ਸੰਪੂਰਨ ਸੀ, ਨੂੰ ਸ਼ਾਮਿਲ ਕਰਕੇ ਸੰਪੂਰਨ ਰੱਬੀ ਜੋਤਿ ਦਾ ਸਦਾ ਲਈ ਸਾਰੀ ਮਾਨਵਤਾ ਦੇ ਭਲੇ ਲਈ ਸਥਾਪਿਤ ਕੀਤਾ ਗਿਆ ਸੀ। ਇਹ ਰੱਬੀ ਜੋਤਿ ਹਰ ਸਮੇਂ ਆਪਣੀ ਚਮਕਦੀ ਰੋਸ਼ਨੀ, ਕਿਰਪਾ ਬਹੁਤ ਸ਼ਾਨਾਸ਼ੌਕਤ ਨਾਲ ਬਾਣੀ ਸੰਸਾਰੀਆਂ ਨੂੰ ਤਾਰਦੀ ਹੈ ਜਾਂ ਤਾਰਦੀ ਰਹੇਗੀ।

**'ਆਸਾ ਦੀ ਵਾਰ'** ਮੁੱਢਲੀਆਂ ਬਾਣੀ ਵਿਚੋਂ ਹੈ ਜਿਵੇਂ ਕਿ ਜਪੁ ਜੀ ਸਾਹਿਬ ਮੂਲ ਬਾਣੀ ਹੈ। ਜਪੁ ਜੀ ਸਾਹਿਬ ਬਾਣੀ ਅਤੇ ਆਸਾ ਦੀ ਵਾਰ ਦੀ ਸ਼ੁਰੂਆਤ ਪਰਮਾਤਮਾ ਦੀ ਹੋਂਦ ਨਾਲ ਸ਼ੁਰੂ ਹੁੰਦੀਆਂ ਹਨ। ਜਿਵੇਂ **'ੴ ਸਤਿ ਨਾਮ ਕਰਤਾ ਪੁਰਖੁ ਨਿਰਭਉ ਨਿਰਵੈਰ ਅਕਾਲ ਮੂਰਤਿ ਅਜੂਨੀ ਸੈਭੰ ਗੁਰ ਪ੍ਰਸਾਦਿ'** ॥ ਜਿਸ ਦਾ ਅਰਥ ਹੈ ਪਰਮਾਤਮਾ ਇਕ ਹੈ, ਉਸ ਦਾ ਨਾਮ ਸੱਚ ਹੈ, ਸ੍ਰਿਸ਼ਟੀ ਦਾ ਰਚਨਹਾਰ, ਸਰਬ ਸੰਪੂਰਣ ਹੈ, ਡਰ ਤੋਂ ਰਹਿਤ ਹੈ, ਵੈਰ ਤੋਂ ਰਹਿਤ ਹੈ, ਕਾਲ ਰਹਿਤ ਸਰੂਪ ਵਾਲਾ ਹੈ, ਜੂਨਾਂ ਤੋਂ ਰਹਿਤ ਹੈ ਤੇ ਆਪਣੇ ਆਪ ਤੋਂ ਪ੍ਰਕਾਸ਼ਮਈ ਹੈ, ਗੁਰੂ ਦੀ ਕ੍ਰਿਪਾ ਨਾਲ ਪ੍ਰਾਪਤ ਹੁੰਦਾ ਹੈ। ਇਸੇ ਤਰ੍ਹਾਂ ਆਸਾ ਦੀ ਵਾਰ ਸ਼ੁਰੂ ਵਿਚ **"ੴ ਤੋਂ ਲੈ ਕੇ ਗੁਰਪ੍ਰਸਾਦਿ"** ॥ ਮੂਲ ਮੰਤਰ ਨਾਲ ਸ਼ੁਰੂ ਹੁੰਦੀ ਹੈ। ਸ਼ੁਰੂ ਵਿਚ **'ਸਲੋਕ ਮ : ॥ ੧ ॥ ਅਤੇ ਸਲੋਕ ਮਹਲਾ ॥ ੨ ॥'** ਵਿਚ ਵੀ ਆਪਣੇ ਗੁਰੂ ਦੀ ਉਸਤਤ ਕਰਨਾ ਸੌ ਵਾਰ ਕਰਕੇ ਸਦਕੇ ਹੁੰਦਾ ਹੈ ਅਤੇ ਜਿਸ ਨੇ ਪ੍ਰਭੂ ਦੀ ਜੋਤਿ ਹੋਣ ਕਰਕੇ ਮਨੁੱਖਾ ਤੋਂ ਦੇਵਤੇ ਬਣਾਉਂਦਿਆਂ ਇਕ ਖਿਨ ਨਹੀਂ ਲਾਉਂਦਾ। ਜੇ ਸੌ ਚੰਦ੍ਰਮਾ ਚੜ੍ਹਨ ਅਤੇ ਹਜ਼ਾਰ ਸੂਰਜ ਵੀ ਚੜ੍ਹਨ ਅਤੇ ਇਹਨਾਂ ਕਰਕੇ ਇਨ੍ਹਾਂ ਚਾਨਣ ਹੋਣ ਤੇ ਭੀ ਗੁਰੂ ਤੋਂ ਬਗੈਰ ਘੁੱਪ ਹਨ੍ਹੇਰਾ ਹੀ ਹੈ। ਸਾਰੀ ਉਤਪਤੀ ਭੀ ਉਸੇ ਵਾਹਿਗੁਰੂ ਪਰਮਾਤਮਾ ਦੇ ਹੁਕਮ ਨਾਲ ਹੁੰਦੀ ਹੈ ਜੋ ਕਿ ਗੁਰੂ ਰਾਹੀਂ ਪ੍ਰਗਟ ਹੁੰਦੇ ਹੋਏ ਸਭ ਕਾਰਜ ਕਰਦੇ ਹਨ। ਸਾਰੀ ਸ੍ਰਿਸ਼ਟੀ ਹੀ ਉਹਦੇ ਹੁਕਮ ਅੰਦਰ ਵਿਚਰਦੀ ਹੈ।

**'ਆਸਾ ਦੀ ਵਾਰ'** ਇਕ ਕਵਿਤਾ ਰੂਪ ਵਿਚ ਗਾਇਆ ਜਾਂਦਾ ਪ੍ਰਸੰਗ

ਸੂਰਬੀਰਤਾ ਵਾਂਗ ਹੈ ਪ੍ਰੰਤੂ ਆਮ ਸੂਰਬੀਰਤਾ ਦੇ ਪੱਖ ਨਾਲੋਂ **'ਆਸਾ ਦੀ ਵਾਰ'** ਨੂੰ ਅਧਿਆਤਮਿਕ ਵਾਰ ਕਰਕੇ ਵਿਸ਼ੇਸ਼ ਤੌਰ 'ਤੇ ਸਮਝਿਆ ਜਾਂਦਾ ਹੈ ਜਿਸ ਵਿਚ ਖਾਲਸ ਸਾਂਝੀਵਾਲਤਾ ਦਰਸਾਈ ਗਈ ਹੈ ਅਤੇ ਹਰ ਪ੍ਰਾਣੀ ਵਿਸ਼ੇਸ਼ ਉੱਪਰ ਢੁਕਦੀ ਹੈ। ਪਰਮਾਤਮਾ ਦੇ ਨਾਮ ਦੀ ਉਸਤਤੀ–ਗੁਰੂ ਰਾਹੀਂ ਦਰਸਾਈ ਗਈ ਹੈ। ਗੁਰੂ ਕਾਲ ਵਿਚ ਇਸ **'ਆਸਾ ਦੀ ਵਾਰ'** ਨੂੰ ਬੜੀ ਸ਼ਿੱਦਤ ਨਾਲ ਸੁਣਿਆ, ਪੜ੍ਹਿਆ ਜਾਂਦਾ ਸੀ। ਇਸ ਵਾਰ ਦੀ ਉਸਤਤ ਗੁਰੂ ਅੰਗਦ ਦੇਵ ਜੀ ਅਤੇ ਭਾਈ ਗੁਰਦਾਸ ਜੀ ਨੇ ਪਉੜੀਆਂ ਰਾਹੀਂ ਕੀਤੀ ਹੈ। ਪਉੜੀਆਂ ਦੀ ਭਾਵਨਾਵਾਂ ਦਾ ਅਸਰ ਹੌਲੀ–ਹੌਲੀ ਵਾਹਿਗੁਰੂ ਵੱਲ ਉਪਰਲੀ ਮੰਜ਼ਿਲ ਵੱਲ ਲੈ ਜਾਂਦਾ ਹੈ।

**'ਆਸਾ ਦੀ ਵਾਰ'** ਪਹਿਲੇ ਭਾਗ ਵਿਚ ਲਿਖਿਆ ਗਿਆ ਸੀ ਕਿ ਸਿਰਫ਼ 24 ਪਉੜੀਆਂ ਹੀ ਸਨ। ਬਾਅਦ ਵਿਚ ਗੁਰੂ ਅਰਜਨ ਦੇਵ ਸਾਹਿਬ ਜੀ ਵੱਲੋਂ ਆਦਿ ਗ੍ਰੰਥ ਸਾਹਿਬ ਦੀ ਸਥਾਪਨ ਸਮੇਂ 59 ਸਲੋਕ ਹਰੇਕ ਪਉੜੀ ਤੋਂ ਪਹਿਲਾਂ 2 ਤੋਂ 5 ਤੱਕ ਜੋੜੇ ਗਏ, ਜਿਨ੍ਹਾਂ ਦਾ ਭਾਵ ਅਰਥ ਪਉੜੀਆਂ ਨਾਲ ਮਿਲਦਾ ਸੀ ਤਾਂ ਜੋ **'ਆਸਾ ਦੀ ਵਾਰ'** ਪਉੜੀਆਂ ਦੀ ਵਧੇਰੇ ਸਮਝਣ ਲਈ ਸੌਖ ਹੋ ਸਕੇ।

**'ਆਸਾ ਦੀ ਵਾਰ'** ਦਾ ਗਾਇਨ ਗੁਰੂ ਘਰਾਂ ਵਿਚ ਸਲੋਕ ਅਤੇ ਪਉੜੀਆਂ ਜੋ ਕਿ ਪਹਿਲੇ ਅਤੇ ਦੂਜੇ ਗੁਰੂ ਸਾਹਿਬਾਨਾਂ ਵੱਲੋਂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿਚ ਦਰਜ ਹਨ, ਪੜ੍ਹੀਆਂ–ਗਾਈਆਂ ਜਾਂਦੀਆਂ ਹਨ ਅਤੇ ਇਸ ਨਾਲ ਹੀ ਹਰੇਕ ਪਉੜੀ ਅਤੇ ਸਲੋਕਾਂ ਤੋਂ ਪਹਿਲਾਂ ਜਾਂ ਆਮ ਤੌਰ 'ਤੇ ਚੌਥੇ ਗੁਰੂ ਰਾਮਦਾਸ ਸਾਹਿਬ ਜੀ ਵੱਲੋਂ ਉਚਾਰੇ ਛੱਕੇ–ਆਸਾ ਮਹਲਾ ੪, ਛੰਤ ਘਰੁ ੪ ਵਿਚੋਂ ਉਚਾਰੇ ਜਾਂਦੇ ਹਨ ਅਤੇ ਕਈ ਵਾਰੀ ਪੰਜਵੇਂ ਗੁਰੂ ਅਰਜਨ ਦੇਵ ਸਾਹਿਬ ਜੀ ਦੇ ਸ਼ਬਦ ਉਚਾਰੇ ਜਾਂਦੇ ਹਨ, ਜਿਨ੍ਹਾਂ ਦਾ ਭਾਵ ਪਉੜੀਆਂ ਅਤੇ ਸਲੋਕਾਂ ਦੇ ਭਾਵ ਨਾਲ ਮਿਲਦਾ–ਜੁਲਦਾ ਹੁੰਦਾ ਹੈ। ਇਸ ਤੋਂ ਇਲਾਵਾ ਗੁਰਬਾਣੀ ਵਿਚੋਂ ਹੋਰ ਸ਼ਬਦ ਜੋੜ ਕੇ ਗਾਏ ਜਾਣ ਦੀ ਕੋਈ ਮਨਾਹੀ ਨਹੀਂ ਹੈ।

**'ਆਸਾ ਦੀ ਵਾਰ'** ਵਿਚ ਮਨੁੱਖਤਾ ਦੀਆਂ ਹਰ ਪਹਿਲੂ ਦੀ, ਜ਼ਿੰਦਗੀ ਦੀਆਂ ਔਕੜਾਂ ਅਧਿਆਤਮਿਕ ਤਰੀਕੇ ਨਾਲ ਦਰਸਾਈਆਂ ਗਈਆਂ ਹਨ, ਭਾਵੇਂ ਉਹ ਰਾਜਨੀਤਿਕ ਦਬਾਅ, ਸਮਾਜਿਕ ਨਿਘਾਰ, ਚਾਲ–ਚਲਨ ਦਾ ਨਿਘਾਰ, ਖਚਰਾਪਨ ਇਤਿਆਦਿ ਨੂੰ ਬਹੁਤ ਸਾਹਿਸਿਕ ਅਤੇ ਅਸਰਦਾਰ ਤਰੀਕੇ ਨਾਲ ਦਰਜ ਕੀਤਾ ਹੈ। ਜਿਵੇਂ ਕਿ 'ਜਪੁ ਜੀ' ਸਾਹਿਬ ਵਿਚ ਰੱਬੀ ਜੋਤ ਨਾਲ ਮਿਲਾਪ ਦੀ ਪੌੜੀ ਹੈ ਅਤੇ **'ਆਸਾ ਦੀ ਵਾਰ'** ਸਮਾਜਿਕ–ਧਾਰਮਿਕ ਹਉਮੈ, ਸੰਸਥਾਪਕ ਇਤਿਆਦਿ ਜੀਵਨ ਜਾਂਚ ਨੂੰ ਪੂਰੀ ਤਰ੍ਹਾਂ ਦਰਸਾਉਂਦੀ ਹੈ।

4. **ਸਮੁੱਚਾ ਭਾਵ** - ਪਉੜੀ 16, 17, 18, 19, 20, 21, 22, 23 ਅਤੇ 24 ਦਰਸਾਉਂਦੀਆਂ ਹਨ ਕਿ ਦੁਨੀਆਂ ਦਾ ਮਾਣ ਕੂੜਾ ਹੈ। ਪ੍ਰਭੂ ਆਪ ਹੀ ਵਡਿਆਈਆਂ ਦੇਂਦਾ ਹੈ। ਪਰ ਜੇ ਖੋਹਣ ਲੱਗੇ ਤਾਂ ਰਾਜੇ ਤੋਂ ਕੰਗਾਲ ਬਣਾ ਦੇਂਦਾ ਹੈ। ਰਾਜ ਮਿਲਖ ਤਖ਼ਤ ਵੇਖ ਕੇ ਮਨ–ਮੰਨੀਆਂ ਮੌਜਾਂ ਵਿਚ ਜੀਵਨ ਗਵਾ ਲੈਣਾ ਭਾਰੀ ਭੁੱਲ ਹੈ। ਆਤਮਕ ਰੱਬੀ ਗੁਰੂ ਸਭ ਤੋਂ ਉੱਚਾ ਧਨ ਹੈ। ਇਹ ਗੁਣ ਗੁਰੂ ਤੋਂ ਮਿਲਦਾ ਹੈ। ਮਮਤਾ ਵਿਚ ਫਸ ਕੇ ਕਿਸੇ ਹੰਕਾਰ ਵਿਚ ਆ ਕੇ ਮੰਦੇ ਪਾਸੇ ਨਾ ਤੁਰੀਏ, ਕਿਸੇ ਦਾ ਦਿਲ ਨਾ ਦੁਖਾਈਏ, ਜੀਵਨ ਸੁਆਰੀਏ ਤੇ ਪ੍ਰਭੂ ਨੂੰ ਚੇਤੇ ਰੱਖੀਏ। ਇਥੇ ਸਦਾ ਨਹੀਂ ਬਹਿ ਰਹਿਣਾ। ਆਪਣੇ ਕੀਤੇ ਅਨੁਸਾਰ ਸੁਖ ਦੁਖ ਮਿਲਦਾ ਹੈ, ਤਾਂ ਫਿਰ ਬੁਰੇ ਰਾਹੇ ਕਿਉਂ ਤੁਰੀਏ? ਦੁਨੀਆਂ ਦੇ ਕੂੜੇ ਮਾਣ ਤੇ ਮਾਲਕ ਨਾਲ ਸ਼ਰੀਕਾ ਕੀਤਿਆਂ ਸ਼ਰਮਿੰਦਗੀ ਮਿਲਦੀ ਹੈ। ਕਿਸੇ ਨੂੰ ਸੁਖ ਤੇ ਕਿਸੇ ਨੂੰ ਦੁਖ ਪ੍ਰਭ ਆਪ ਹੀ ਦੇ ਰਿਹਾ ਹੈ। ਪਰਮਾਤਮਾ ਆਪ ਹੀ ਰਾਜ਼ਕ ਹੈ, ਉਸ ਤੋਂ ਬਿਨਾਂ ਜੀਣ ਦਾ ਹੋਰ ਕੋਈ ਆਸਰਾ ਨਹੀਂ ਹੈ।

**ਪਉੜੀ-ਵਾਰ ਭਾਵ**

16. ਹਰੇਕ ਦੀ ਸੰਭਾਲ ਆਪ ਹੀ ਕਰਦਾ ਹੈ, ਮਾਣ ਵਡਿਆਈ ਦੇਣ ਵਾਲਾ ਆਪ ਹੀ ਹੈ, ਪਰ ਇਹਨਾਂ ਵਡਿਆਈਆਂ ਦਾ ਮਾਣ ਕੂੜਾ ਹੈ, ਉਹ ਕਦੇ ਬਾਦਸ਼ਾਹ ਨੂੰ ਭੀ ਭਿਖਾਰੀ ਬਣਾ ਕੇ ਦਰ ਦਰ ਰੁਲਾਉਂਦਾ ਹੈ।

**ਪਉੜੀ ॥**
**ਚਿਤੈ ਅੰਦਰਿ ਸਭੁ ਕੋ ਵੇਖਿ ਨਦਰੀ ਹੇਠਿ ਚਲਾਇਦਾ ॥**
**ਆਪੇ ਦੇ ਵਡਿਆਈਆ ਆਪੇ ਹੀ ਕਰਮ ਕਰਾਇਦਾ ॥**
**ਵਡਹੁ ਵਡਾ ਵਡ ਮੇਦਨੀ ਸਿਰੇ ਸਿਰਿ ਧੰਧੈ ਲਾਇਦਾ ॥**
**ਨਦਰਿ ਉਪਠੀ ਜੇ ਕਰੇ ਸੁਲਤਾਨਾ ਘਾਹੁ ਕਰਾਇਦਾ ॥**
**ਦਰਿ ਮੰਗਨਿ ਭਿਖ ਨ ਪਾਇਦਾ ॥੧੬॥**

17. ਸੋਹਣੇ ਘੋੜੇ, ਮਹਲ ਮਾੜੀਆਂ, ਹਕੂਮਤ–ਇਹਨਾਂ ਵਿਚ ਮਸਤ ਹੋ ਕੇ ਮੌਤ ਨੂੰ ਭੁਲਾ ਦੇਣਾ ਭੁੱਲ ਹੈ, ਉਮਰ ਅਜਾਈਂ ਚਲੀ ਜਾਂਦੀ ਹੈ।

**ਪਉੜੀ ॥**
**ਤੁਰੇ ਪਲਾਣੇ ਪਉਣ ਵੇਗ ਹਰ ਰੰਗੀ ਹਰਮ ਸਵਾਰਿਆ ॥**
**ਕੋਠੇ ਮੰਡਪ ਮਾੜੀਆ ਲਾਇ ਬੈਠੇ ਕਰਿ ਪਾਸਾਰਿਆ ॥**
**ਚੀਜ ਕਰਨਿ ਮਨਿ ਭਾਵਦੇ ਹਰਿ ਬੁਝਨਿ ਨਾਹੀ ਹਾਰਿਆ ॥**
**ਕਰਿ ਫੁਰਮਾਇਸਿ ਖਾਇਆ ਵੇਖਿ ਮਹਲਤਿ ਮਰਣੁ ਵਿਸਾਰਿਆ ॥**
**ਜਰੁ ਆਈ ਜੋਬਨਿ ਹਾਰਿਆ ॥੧੭॥**

18. ਅਸਲ ਵਡਿਆਈਆਂ ਹਨ – ਉੱਚੇ ਆਤਮਕ ਗੁਣ ਜੋ ਗੁਰੂ ਪਾਸੋਂ ਹੀ ਮਿਲ ਸਕਦੇ ਹਨ। ਜਿਸ ਉੱਤੇ ਪ੍ਰਭੂ ਮਿਹਰ ਕਰਦਾ ਹੈ ਉਸ ਨੂੰ ਗੁਰੂ ਮਿਲਾਉਂਦਾ ਹੈ; ਗੁਰੂ ਮਿਲਿਆ ਅਉਗਣ ਦੂਰ ਹੁੰਦੇ ਹਨ ਤੇ ਗੁਣ ਪ੍ਰਗਟਦੇ ਹਨ।

**ਪਉੜੀ ॥**
**ਸਤਿਗੁਰੁ ਵਡਾ ਕਰਿ ਸਾਲਾਹੀਐ**
**ਜਿਸੁ ਵਿਚਿ ਵਡੀਆ ਵਡਿਆਈਆ ॥**
**ਸਹਿ ਮੇਲੇ ਤਾ ਨਦਰੀ ਆਈਆ ॥**
**ਜਾ ਤਿਸੁ ਭਾਣਾ ਤਾ ਮਨਿ ਵਸਾਈਆ ॥**
**ਕਰਿ ਹੁਕਮੁ ਮਸਤਕਿ ਹਥੁ ਧਰਿ,**
**ਵਿਚਹੁ ਮਾਰਿ ਕਢੀਆ ਬੁਰਿਆਈਆ ॥**
**ਸਹਿ ਤੁਠੈ ਨਉ ਨਿਧਿ ਪਾਈਆ ॥੧੮॥**

19. ਹਰੇਕ ਜੀਵ 'ਅਪਣੱਤ' ਵਿਚ ਫਸਿਆ ਪਿਆ ਹੈ; ਪਰ ਇਸ ਜਗਤ ਦੀ ਖਾਤਰ ਮਾਣ ਕਰਨਾ ਭੁੱਲ ਹੈ, ਕਿਉਂਕਿ ਇਹ ਨਾਲ ਨਹੀਂ ਨਿਭਣਾ।

ਪਉੜੀ ॥

ਸਭੁ ਕੋ ਆਖੈ ਆਪਣਾ ਜਿਸੁ ਨਾਹੀ ਸੋ ਚੁਣਿ ਕਢੀਐ ॥

ਕੀਤਾ ਆਪੋ ਆਪਣਾ ਆਪੇ ਹੀ ਲੇਖਾ ਸੰਢੀਐ ॥

ਜਾ ਰਹਣਾ ਨਾਹੀ ਐਤੁ ਜਗਿ ਤਾ ਕਾਇਤੁ ਗਾਰਬਿ ਹੰਢੀਐ ॥

ਮੰਦਾ ਕਿਸੈ ਨ ਆਖੀਐ ਪੜਿ ਅਖਰੁ ਏਹੋ ਬੁਝੀਐ ॥

ਮੂਰਖੈ ਨਾਲਿ ਨ ਲੁਝੀਐ ॥੧੯ ॥

20. ਇਸ ਜੀਵ ਨੂੰ ਗਿਣੇ-ਮਿਥੇ ਦਿਨ ਮਿਲੇ ਹਨ; ਜੀਵ ਨੂੰ ਚਾਹੀਦਾ ਹੈ ਕਿ ਪ੍ਰਭੂ ਦਾ ਸਿਮਰਨ ਕਰਕੇ ਆਪਣਾ ਜੀਵਨ ਸਵਾਰੇ, ਉਹ ਪ੍ਰਭੂ ਹਰੇਕ ਨੂੰ ਜੀਵਨ-ਸੱਤਾ ਦੇ ਰਿਹਾ ਹੈ।

ਪਉੜੀ ॥

ਆਪੇ ਹੀ ਕਰਣਾ ਕੀਓ ਕਲ ਆਪੇ ਹੀ ਤੈ ਧਾਰੀਐ ॥

ਦੇਖਹਿ ਕੀਤਾ ਆਪਣਾ ਧਰਿ ਕਚੀ ਪਕੀ ਸਾਰੀਐ ॥

ਜੋ ਆਇਆ ਸੋ ਚਲਦੀ ਸਭੁ ਕੋਈ ਆਈ ਵਾਰੀਐ ॥

ਜਿਸ ਕੇ ਜੀਅ ਪਰਾਣ ਹਹਿ ਕਿਉ ਸਾਹਿਬੁ ਮਨਹੁ ਵਿਸਾਰੀਐ ॥

ਆਪਣ ਹਥੀ ਆਪਣਾ ਆਪੇ ਹੀ ਕਾਜੁ ਸਵਾਰੀਐ ॥੨੦ ॥

21. ਆਪਣਾ ਬੀਜਿਆ ਆਪ ਹੀ ਵੱਢਣਾ ਪੈਂਦਾ ਹੈ। ਬੁਰਾਈ ਵੱਲੋਂ ਬਚੋ, ਉਹ ਬਾਜੀ ਖੇਡੋ ਜਿਸ ਕਰਕੇ ਮਾਲਕ ਨਾਲ ਬਣ ਆਵੇ।

ਪਉੜੀ ॥

ਜਿਤੁ ਸੇਵਿਐ ਸੁਖੁ ਪਾਈਐ ਸੋ ਸਾਹਿਬੁ ਸਦਾ ਸਮ੍ਹਾਲੀਐ ॥

ਜਿਤੁ ਕੀਤਾ ਪਾਈਐ ਆਪਣਾ ਸਾ ਘਾਲ ਬੁਰੀ ਕਿਉ ਘਾਲੀਐ ॥

ਮੰਦਾ ਮੂਲਿ ਨ ਕੀਚਈ ਦੇ ਲੰਮੀ ਨਦਰਿ ਨਿਹਾਲੀਐ ॥

ਜਿਉ ਸਾਹਿਬ ਨਾਲਿ ਨ ਹਾਰੀਐ ਤੇਵੇਹਾ ਪਾਸਾ ਢਾਲੀਐ ॥

ਕਿਛੁ ਲਾਹੇ ਉਪਰਿ ਘਾਲੀਐ ॥੨੧ ॥

22. ਜੋ ਮਨੁੱਖ 'ਚਾਕਰ' ਬਣਦਾ ਹੈ ਤੇ 'ਰਜਾ' ਵਿਚ ਤੁਰਦਾ ਹੈ, ਉਹ ਮਾਣ ਪਾਉਂਦਾ ਹੈ, ਮਾਲਕ ਨਾਲ ਸ਼ਰੀਕ ਕੀਤਿਆ ਸ਼ਰਮਿੰਦਗੀ ਮਿਲਦੀ ਹੈ।

ਪਉੜੀ ॥

ਚਾਕਰੁ ਲਗੈ ਚਾਕਰੀ ਜੇ ਚਲੈ ਖਸਮੈ ਭਾਇ ॥

ਹੁਰਮਤਿ ਤਿਸ ਨੋ ਅਗਲੀ ਓਹੁ ਵਜਹੁ ਭਿ ਦੂਣਾ ਖਾਇ ॥

ਖਸਮੈ ਕਰੇ ਬਰਾਬਰੀ ਫਿਰਿ ਗੈਰਤਿ ਅੰਦਰਿ ਪਾਇ ॥

ਵਜਹੁ ਗਵਾਏ ਅਗਲਾ ਮੁਹੇ ਮੁਹਿ ਪਾਣਾ ਖਾਇ ॥

ਜਿਸ ਦਾ ਦਿਤਾ ਖਾਵਣਾ ਤਿਸੁ ਕਹੀਐ ਸਾਬਾਸਿ ॥

ਨਾਨਕ ਹੁਕਮੁ ਨ ਚਲਈ ਨਾਲਿ ਖਸਮ ਚਲੈ ਅਰਦਾਸਿ ॥੨੨ ॥

23. ਪੈਦਾ ਕਰਨ ਵਾਲਾ ਪ੍ਰਭੂ ਆਪ ਹੀ ਹੈ, ਕਿਸੇ ਨੂੰ ਸੁਖ ਤੇ ਕਿਸੇ ਨੂੰ ਦੁਖ ਆਪ ਹੀ ਦੇਣਹਾਰ ਹੈ, ਉਹ ਹਰੇਕ ਦੀ ਸੰਭਾਲ ਕਰਨ ਵਾਲਾ ਹੈ।

ਪਉੜੀ ॥

ਨਾਨਕ ਅੰਤ ਨ ਜਾਪਨ੍ਹੀ ਹਰਿ ਤਾ ਕੇ ਪਾਰਾਵਾਰ ॥

ਆਪਿ ਕਰਾਏ ਸਾਖਤੀ ਫਿਰਿ ਆਪਿ ਕਰਾਏ ਮਾਰ ॥

ਇਕਨ੍ਹਾ ਗਲੀ ਜੰਜੀਰੀਆ ਇਕਿ ਤੁਰੀ ਚੜਹਿ ਬਿਸੀਆਰ ॥

ਆਪਿ ਕਰਾਏ ਕਰੇ ਆਪਿ ਹਉ ਕੈ ਸਿਉ ਕਰੀ ਪੁਕਾਰ ॥

ਨਾਨਕ ਕਰਣਾ ਜਿਨਿ ਕੀਆ ਫਿਰਿ ਤਿਸ ਹੀ ਕਰਣੀ ਸਾਰ ॥੨੩ ॥

24. ਸਿਰਜਣਹਾਰ ਆਪ ਹੀ ਰਿਜ਼ਕ ਦੇਣ ਦੇ ਸਮਰੱਥ ਹੈ। ਉਸ ਤੋਂ ਬਿਨਾਂ ਜੀਵ ਦਾ ਹੋਰ ਕੋਈ ਆਸਰਾ ਨਹੀਂ ਹੈ।

ਪਉੜੀ ॥

ਵਡੇ ਕੀਆ ਵਡਿਆਈਆ ਕਿਛੁ ਕਹਣਾ ਕਹਣੁ ਨ ਜਾਇ ॥

ਸੋ ਕਰਤਾ ਕਾਦਰ ਕਰੀਮੁ ਦੇ ਜੀਆ ਰਿਜਕੁ ਸੰਬਾਹਿ ॥

ਸਾਈ ਕਾਰ ਕਮਾਵਣੀ ਧੁਰਿ ਛੋਡੀ ਤਿੰਨੈ ਪਾਇ ॥

ਨਾਨਕ ਏਕੀ ਬਾਹਰੀ ਹੋਰ ਦੂਜੀ ਨਾਹੀ ਜਾਇ ॥

ਸੋ ਕਰੇ ਜਿ ਤਿਸੈ ਰਜਾਇ ॥੨੪ ॥੧ ॥

॥ ਸੁਧੁ ॥

*****

# ਖੁਸ਼ਖ਼ਬਰੀ

**ਆਪ ਸਭ ਮੈਂਬਰ ਸਾਹਿਬਾਨ ਨੂੰ ਜਾਣ ਕੇ ਖੁਸ਼ੀ ਹੋਵੇਗੀ ਕਿ ਜੋ ਇਨਕਮ ਟੈਕਸ ਦੀ ਛੂਟ 80-ਜੀ ਦੇ ਨੀਚੇ ਮਿਲਦੀ ਹੈ, ਉਸ ਦੀ ਮਨਜ਼ੂਰੀ ਕਾਫ਼ੀ ਲੰਮੇ ਸਮੇਂ ਤੋਂ ਨਹੀਂ ਲਈ ਗਈ ਸੀ। ਪ੍ਰੰਤੂ ਉਸ ਦੀ ਮਨਜ਼ੂਰੀ ਵਿੱਤ ਵਰਸ਼ 2023-24, 2024-25 ਅਤੇ 2025-26 ਲਈ ਹੁਣ ਪ੍ਰਾਪਤ ਕਰ ਲਈ ਗਈ ਹੈ। ਹੁਣ ਮੈਂਬਰ ਸਾਹਿਬਾਨ ਜੋ ਦਾਨ ਦਿੰਦੇ ਹਨ, ਉਹ ਇਨਕਮ ਟੈਕਸ ਦੀ ਛੂਟ ਪ੍ਰਾਪਤ ਕਰ ਸਕਣਗੇ।**

# ਗੁਰ ਸਾਗਰ ਦੇ ਸੁੱਚੇ ਮੋਤੀ

ਸਿੰਘ ਸਾਹਿਬ ਗਿਆਨੀ ਚੇਤ ਸਿੰਘ

## ਸੰਤ ਬਾਬਾ ਪ੍ਰੇਮ ਸਿੰਘ ਜੀ ਦੀ ਸੇਵਾ ਦਾ ਫਲ

ਸ. ਗੁਰਦਿੱਤ ਸਿੰਘ ਜੀ ਦੀ ਇਹ ਸਾਰੀ ਰਕਮ ਕਿਸੇ ਕੰਪਨੀ ਦੇ ਪਾਸ ਜਮ੍ਹਾਂ ਸੀ। ਉਸ ਨਾਲ ਲਿਖਾਪੜ੍ਹੀ ਦੀ ਸਾਰੀ ਕਾਰਵਾਈ ਅੰਗਰੇਜ਼ੀ ਵਿਚ ਮੁਰਾਲੇ ਦੇ ਚੌਧਰੀ ਫਜ਼ਲ ਅਲਾਹੀ ਜੋ ਨਵੇਂ-ਨਵੇਂ ਹੀ ਵਕੀਲ ਬਣੇ ਸਨ, ਉਹ ਲਿਖ ਕੇ ਕਰਦੇ ਰਹੇ। ਚੌਧਰੀ ਫਜ਼ਲ ਅਲਾਹੀ ਉੱਤੇ ਸੰਤ ਬਾਬਾ ਪ੍ਰੇਮ ਸਿੰਘ ਜੀ ਬੜੇ ਖੁਸ਼ ਸਨ ਅਤੇ ਜਦੋਂ ਭੀ ਆਪ ਬੁਲਾਉਂਦੇ ਉਦੋਂ ਝੱਟ ਆ ਜਾਂਦੇ। ਆਪ ਜੀ ਦੇ ਉੱਤੇ ਬੜੀ ਸ਼ਰਧਾ ਰੱਖਦੇ ਸੀ। ਸੰਤ ਬਾਬਾ ਪ੍ਰੇਮ ਸਿੰਘ ਜੀ ਕਿਸੇ ਪਾਸੋਂ ਐਵੇਂ ਕੰਮ ਨਹੀਂ ਸੀ ਕਰਾਉਂਦੇ। ਜੋ ਕਿਸੇ ਦਾ ਹੱਕ ਬਣਦਾ ਹੋਵੇ ਉਸ ਤੋਂ ਵੱਧ ਉਸ ਨੂੰ ਦੇ ਕੇ ਖੁਸ਼ੀ ਪ੍ਰਗਟ ਕਰਦੇ ਸਨ। ਇਹ ਤਾਂ ਦਾਸ ਨੂੰ ਪਤਾ ਨਹੀਂ ਕਿ ਉਸ ਨੂੰ ਕੀ ਦਿੱਤਾ ਸੀ, ਪਰ ਉਸ ਨੂੰ ਉਸ ਦੇ ਕੰਮ ਬਦਲੇ ਕਾਫੀ ਰਕਮ ਦੇ ਕੇ ਖੁਸ਼ ਕੀਤਾ। ਚੌਧਰੀ ਫਜ਼ਲ ਅਲਾਹੀ ਨੇ ਬੜੀ ਸ਼ਰਧਾ ਅਤੇ ਪਿਆਰ ਨਾਲ ਸੇਵਾ ਕੀਤੀ, ਜਿਸ ਦਾ ਫਲ ਚੌਧਰੀ ਫਜ਼ਲ ਅਲਾਹੀ ਨੂੰ ਇਹ ਪ੍ਰਾਪਤ ਹੋਇਆ ਕਿ ਅੱਗੇ ਜਾ ਕੇ ਭੁਟੋ ਦੇ ਸਮੇਂ ਵਿਚ ਉਹ ਪਾਕਿਸਤਾਨ ਦੇ ਰਾਸ਼ਟਰਪਤੀ ਬਣੇ ਅਤੇ ਉਨ੍ਹਾਂ ਦਾ ਸਾਰਾ ਪਰਿਵਾਰ ਅੱਜ ਤੱਕ ਸੰਤ ਬਾਬਾ ਪ੍ਰੇਮ ਸਿੰਘ ਜੀ ਦਾ ਰਿਣੀ ਹੈ। ਚੌਧਰੀ ਫਜ਼ਲ ਅਲਾਹੀ ਦੀ ਮੌਤ ਪਿਛੋਂ ਭੀ ਉਨ੍ਹਾਂ ਦੇ ਭਰਾ ਨੇ ਆਪਣੇ ਦਫ਼ਤਰ ਵਿਚ ਸੰਤ ਬਾਬਾ ਪ੍ਰੇਮ ਸਿੰਘ ਜੀ ਦੀ ਫੋਟੋ ਹੁਣ ਤੱਕ ਰੱਖੀ ਹੋਈ ਹੈ, ਜੋ ਦਾਸ ਦਾ ਲੜਕਾ ਮੁਰਾਲੇ ਵੇਖ ਕੇ ਆਇਆ ਹੈ। ਸੰਤ ਬਾਬਾ ਪ੍ਰੇਮ ਸਿੰਘ ਜੀ ਨੇ ਜੋ ਉਨ੍ਹਾਂ ਦੇ ਪਰਿਵਾਰ ਤੇ ਉਪਕਾਰ ਕੀਤੇ ਸਨ, ਉਹ ਯਾਦ ਕਰਦੇ ਹਨ ਤੇ ਉਨ੍ਹਾਂ ਦੇ ਗੁਣ ਗਾਉਂਦੇ ਹਨ।

## ਸ. ਗੁਰਦਿੱਤ ਸਿੰਘ ਵੱਲੋਂ ਆਈ ਰਕਮ ਦੀ ਵੰਡ ਸੰਤ ਬਾਬਾ ਪ੍ਰੇਮ ਸਿੰਘ ਜੀ ਦੀ ਫਰਾਖ-ਦਿਲੀ ਅਤੇ ਉਨ੍ਹਾਂ ਦੀ ਉਦਾਰਤਾ

ਆਪ ਜੀ ਵੱਲੋਂ ਕੁੱਝ ਰਕਮ ਪੰਜਾਬ ਨੈਸ਼ਨਲ ਬੈਂਕ ਵਿਚ ਜਮ੍ਹਾਂ ਸੀ। ਇਸ ਰਕਮ (133000) ਇੱਕ ਲੱਖ ਤੇਤੀ ਹਜ਼ਾਰ ਦੀਆਂ ਫਿਕਸ ਡਿਪਾਜ਼ਟ ਦੀਆਂ ਰਸੀਦਾਂ ਦਾਸ ਪਾਸ ਰਹੀਆਂ ਸਨ। ਇਹ ਰਕਮ ਬਾਵਾ ਹਰਨਾਮ ਸਿੰਘ ਨੇ, ਜਦੋਂ ਕੇਸ ਉਸ ਦੇ ਹੱਕ ਵਿਚ ਹੋ ਗਿਆ ਤਾਂ ਉਸ ਨੇ ਸਾਰੀ ਰਕਮ ਕਢਵਾ ਕੇ ਆਪਣੇ ਨਾਮ 'ਤੇ ਜਮ੍ਹਾਂ ਕਰਵਾ ਲਈ ਸੀ। ਮਹਾਂਪੁਰਖਾਂ ਨੇ ਸ. ਗੁਰਦਿੱਤ ਸਿੰਘ ਦੀ ਸਿੰਘਣੀ ਨੂੰ ਕੁੱਝ ਰਕਮ ਦਿੱਤੀ ਤੇ ਕੁੱਝ ਉਸ ਨੂੰ ਮਹੀਨੇ ਦੇ ਮਹੀਨੇ ਖਰਚ ਲਈ ਰਕਮ ਦੇਣੀ ਵੀ ਮੁਕੱਰਰ ਕਰ ਦਿੱਤੀ। ਚਾਲੀ ਹਜ਼ਾਰ ਰੁਪਯਾ ਭਾਈ ਲਾਲ ਸਿੰਘ ਜੀ ਨੂੰ ਆਪ ਜੀ ਨੇ ਨਕਦ ਦਿੱਤਾ, ਕਿਉਂਕਿ ਇਨ੍ਹਾਂ ਦਾ ਕਾਰੋਬਾਰ ਮੰਦਾ ਪੈ ਗਿਆ ਸੀ, ਇਨ੍ਹਾਂ ਸੇਵਾ ਭੀ ਬਹੁਤ ਕੀਤੀ ਸੀ। ਅੱਠ ਹਜ਼ਾਰ ਰੁਪਯਾ ਭਾਈ ਲਾਲ ਸਿੰਘ ਜੀ ਨੂੰ ਲੜਕੀ ਦੀ ਸ਼ਾਦੀ ਲਈ ਦਿੱਤਾ। ਇੱਕ ਲੜਕੀਆਂ ਦਾ ਸਕੂਲ ਸ. ਗੁਰਦਿੱਤ ਸਿੰਘ ਜੀ ਦੇ ਨਾਮ ਤੇ ਮੁਰਾਲੇ ਡੇਰੇ ਵਿਚ ਹੀ ਖੋਲ੍ਹ ਦਿੱਤਾ। ਮੁਰਾਲੇ ਡੇਰੇ ਦੇ ਗੁਰਦੁਆਰੇ ਵਿਚ ਰੋਜ਼ ਆਸਾ ਦੀ ਵਾਰ ਦੇ ਭੋਗ ਉਪਰੰਤ ਕੜਾਹ ਪ੍ਰਸ਼ਾਦ ਦੀ ਅਰਦਾਸ ਸ. ਗੁਰਦਿੱਤ ਸਿੰਘ ਜੀ ਵੱਲੋਂ ਆਰੰਭ ਕਰ ਦਿੱਤੀ। ਇਸ ਤਰ੍ਹਾਂ ਸ. ਗੁਰਦਿੱਤ ਸਿੰਘ ਜੀ ਦੀ ਪੁੰਨ ਦਾਨ ਕੀਤੀ ਮਾਇਆ ਦੀ ਆਪ ਜੀ ਨੇ ਬੜੇ ਸੁਚੱਜੇ ਢੰਗ ਨਾਲ ਵੰਡ ਕੀਤੀ। ਆਪ ਜੀ ਨੇ ਇਸ ਤਰ੍ਹਾਂ ਸ. ਗੁਰਦਿੱਤ ਸਿੰਘ ਜੀ ਦੀ ਆਤਮਾ ਨੂੰ ਸ਼ਾਂਤੀ ਪ੍ਰਦਾਨ ਕਰਨ ਲਈ ਕੀਤਾ ਅਤੇ ਬਾਵਾ ਹਰਨਾਮ ਸਿੰਘ ਜੀ ਨੇ, ਸੰਤ ਬਾਬਾ ਪ੍ਰੇਮ ਸਿੰਘ ਜੀ ਦੇ ਅਕਾਲ ਚਲਾਣਾ ਕਰਨ ਪਿਛੋਂ, ਉਪਰੰਤ ਬੈਂਕਾਂ ਵਿਚ ਜਮ੍ਹਾਂ ਰੁਪਯਾ, ਜ਼ਮੀਨ ਤੇ ਸਾਰੀ ਜਾਇਦਾਦ ਲੈ ਕੇ ਕੀਤਾ, ਉਨ੍ਹਾਂ ਦੀ ਯਾਦਗਾਰ ਵੀ ਨਾ ਬਣਾ ਸਕੇ।

## ਸੰਤ ਬਾਬਾ ਪ੍ਰੇਮ ਸਿੰਘ ਜੀ ਨੂੰ ਸਰੀਰਕ ਤਕਲੀਫ਼ਾਂ

1. ਆਪ ਜੀ ਸ਼ੁਰੂ ਤੋਂ ਹੀ ਸਰੀਰ ਦੀ ਪ੍ਰਵਾਹ ਨਾ ਕਰਦੇ ਹੋਏ ਸਖ਼ਤ ਕੰਮ ਕਰਨ ਦੇ ਆਦੀ ਸਨ। ਹੇਠੋਂ ਇੱਟਾਂ ਵਗਾਹ ਕੇ ਗੋਆਂ ਤੇ ਬੈਠੇ ਸੇਵਾਦਾਰ ਜਾਂ ਮਜ਼ਦੂਰ ਨੂੰ ਪਹੁੰਚਾਉਂਦੇ ਸਨ। ਗੁਰਦੁਆਰੇ ਦਾ ਬਰਾਂਡਾ ਬਣ ਰਿਹਾ ਸੀ। ਹੇਠੋਂ ਇੱਟਾਂ ਸੁੱਟਦਿਆਂ ਸਰੀਰ ਗਰਮ ਹੋਇਆ ਸੀ, ਗੋਡਾ ਕੁਦਰਤੀ ਮਰੋੜਿਆ ਗਿਆ। ਗੋਡੇ ਦੀ ਚੱਪਣੀ ਉਤਰ ਗਈ। ਫਿਰ ਆਪ ਹੀ ਗੋਡੇ ਦੀ ਚੱਪਣੀ ਜ਼ੋਰ ਨਾਲ ਚਾੜ੍ਹ ਲਈ, ਜਿਸ ਕਰਕੇ ਹੱਡੀ ਕੁੱਝ ਕਰੈਕ ਹੋ ਗਈ, ਜਿਸ ਨਾਲ ਬਹੁਤ ਤਕਲੀਫ਼ ਵਿਚ ਰਹੇ। ਕੁੱਝ ਸਮਾਂ ਤੇ ਪਾਲਕੀ ਵਿਚ ਹੀ, ਜਿਥੇ ਕੋਈ ਬਹੁਤ ਖਿੱਚ ਕਰੇ, ਉਥੇ ਪਾਠ ਆਦਿ ਦੇ ਭੋਗਾਂ ਤੇ ਜਾਂਦੇ ਰਹੇ। ਆਖ਼ਿਰ ਦੇਖਿਆ ਕਿ ਦਰਦ ਤੋਂ ਅਰਾਮ ਨਹੀਂ ਆਉਂਦਾ, ਫਿਰ ਜਲਾਲਪੁਰ ਜੱਟਾਂ ਵਿਚ ਜਾ ਕੇ ਅਪਰੇਸ਼ਨ ਕਰਾਇਆ ਤਾਂ ਅਰਾਮ ਆਇਆ।

2. ਇਕ ਵਾਰੀ ਘੋੜੀ ਬਹੁਤ ਚੰਗੀ ਲਈ ਸੀ, ਬਹੁਤ ਤੇਜ਼ ਚਲਦੀ ਸੀ। ਸਵੇਰੇ ਸੜਕ ਤੇ ਘੋੜੀ ਤੇ ਚੜ੍ਹ ਕੇ ਸੈਰ ਕਰਨ ਲਈ ਗਏ। ਘੋੜੀ ਨੇ ਨੌਂਹ ਲੈ ਲਿਆ। ਆਪ ਜੀ ਦੇ ਗੋਡਿਆਂ ਤੇ ਅਰਕਾਂ ਤੇ ਸੱਟਾਂ ਲੱਗੀਆਂ। ਕਈ ਦਿਨਾਂ ਪਿੱਛੋਂ ਅਰਾਮ ਆਇਆ।

3. 1922 ਵਿਚ ਪਿਸ਼ਾਬ ਬੰਦ ਹੋ ਗਿਆ। ਗਰਮੀ ਵਿਚ ਟਾਂਡੇ ਸਕੂਲ ਦੀ ਉਗਰਾਹੀ ਲਈ ਜਦੋਂ ਮਿੰਟਗੁਮਰੀ ਵੱਲ ਗਏ, ਜਿਸ ਦਾ ਜ਼ਿਕਰ ਪਿੱਛੇ ਕੀਤਾ ਗਿਆ ਹੈ।

4. 1932 ਵਿਚ ਸ੍ਰੀ ਤਰਨਤਾਰਨ ਸਾਹਿਬ ਦੀ ਕਾਰ ਸੇਵਾ ਕਰਕੇ ਵਾਪਸ ਜਾ ਰਹੇ ਸਨ। ਡਰਾਇਵਰ ਆਪਣੇ ਪਿੰਡ ਚਲਾ ਗਿਆ ਸੀ। ਇਸ ਲਈ ਡਰਾਇਵਰੀ ਆਪ ਹੀ ਕਰ ਰਹੇ ਸਨ। ਕਾਮੋਕਿਆਂ ਦੇ ਪਾਸ ਆਪ ਜੀ ਨੂੰ ਕੁੱਝ ਉਂਗਲਾ ਆਉਣ ਦੇ ਕਾਰਨ ਕਾਰ ਇਕ ਕਿੱਕਰ ਨਾਲ ਜਾ ਲੱਗੀ। ਦੋ ਬੀਬੀਆਂ ਪਿੱਛੇ ਸਨ, ਦਾਸ ਤੇ ਇਕ ਹੋਰ ਪ੍ਰੇਮੀ ਆਪ ਜੀ ਦੇ ਨਾਲ ਸੀ। ਫੌਜੀ ਨੇ ਹੀ ਮਨੂਵਰ ਤੇ ਸਨ, ਉਨ੍ਹਾਂ ਹਮਦਰਦੀ ਕੀਤੀ, ਸਾਡੀ ਕਾਰ ਆਪਣੀ

ਗੱਡੀ ਦੇ ਪਿੱਛੇ ਬੰਨ੍ਹ ਲਈ। ਬੀਬੀਆਂ ਤੇ ਇਕ ਸਿੰਘ ਸੰਤਾਂ ਦੀ ਕਾਰ ਵਿਚ ਬਿਠਾ ਲਿਆ। ਫੌਜੀਆਂ ਦੀ ਗੱਡੀ ਵਿਚ ਮਹਾਂਪੁਰਖਾਂ ਨੂੰ ਲੰਮਾ ਪਾ ਲਿਆ ਤੇ ਨਾਲ ਦਾਸ ਬੈਠ ਗਿਆ। ਆਪ ਜੀ ਦੇ ਪਿੱਛੇ ਮੋਢੇ ਦੀ ਹੱਡੀ ਤੇ ਅਤੇ ਅੱਖ ਦੇ ਉੱਤੇ ਭਰਵੱਟੇ ਤੇ ਸ਼ੀਸ਼ਾ ਲੱਗਾ। ਕੁਝ ਹੋਰ ਭੀ ਸੱਟਾਂ ਲੱਗੀਆਂ। ਗੁੱਜਰਾਂ ਵਾਲੇ ਹਸਪਤਾਲ ਸਾਨੂੰ ਫੌਜੀਆਂ ਨੇ ਪਹੁੰਚਾਉਣਾ ਸੀ। ਰਸਤੇ ਵਿਚ ਸ. ਨਰਾਇਣ ਸਿੰਘ ਜੀ ਵਕੀਲ ਦੀ ਕੋਠੀ ਖ਼ਬਰ ਦਿੱਤੀ ਕਿ ਸੰਤ ਬਾਬਾ ਪ੍ਰੇਮ ਸਿੰਘ ਜੀ ਮੁਰਾਲੇ ਵਾਲਿਆਂ ਦਾ ਐਕਸੀਡੈਂਟ ਹੋ ਗਿਆ ਹੈ, ਸਰਦਾਰ ਜੀ ਨੂੰ ਕਹਿਣਾ ਕਿ ਹਸਪਤਾਲ ਪੁੱਜ ਜਾਣ। ਸਰਦਾਰ ਜੀ ਬੜੇ ਪ੍ਰੇਮੀ ਸਨ, ਖ਼ਬਰ ਮਿਲਦਿਆਂ ਹੀ ਹਸਪਤਾਲ ਪੁੱਜ ਗਏ। ਪੱਟੀਆਂ ਕਰਵਾ ਕੇ ਆਪਣੀ ਕੋਠੀ ਲੈ ਆਏ ਅਤੇ ਕਿਤਨੇ ਦਿਨ ਕੋਠੀ ਹੀ ਰੱਖ ਕੇ ਸ. ਨਰਾਇਣ ਸਿੰਘ ਹੋਰਾਂ ਮਹਾਂਪੁਰਕਾਂ ਦਾ ਇਲਾਜ ਕਰਾਇਆ। ਬਾਕੀ ਜ਼ਖ਼ਮ ਠੀਕ ਹੋ ਗਏ। ਮੋਢੇ ਵਾਲੀ ਹੱਡੀ ਦਾ ਦਰਦ ਰਹਿੰਦਾ ਸੀ। ਪਰ ਕੁੱਝ ਦਿਨ ਇਥੇ ਰਹਿ ਕੇ ਮੁਰਾਲੇ ਚਲੇ ਗਏ। ਬਾਕੀ ਸੁਆਰੀਆਂ ਨੂੰ ਕੁਝ ਖਾਸ ਸੱਟਾਂ ਨਹੀਂ ਸੀ ਲੱਗੀਆਂ। ਮੁਰਾਲੇ ਪੁੱਜਣ ਤੇ ਸੰਗਤਾਂ ਹੁਮ-ਹੁਮਾ ਕੇ ਖਬਰ ਲੈਣ ਲਈ ਪੁੱਜ ਗਈਆਂ। ਸੰਤ ਬਾਬਾ ਭਾਗ ਸਿੰਘ ਜੀ ਭੀ ਖ਼ਬਰ ਲੱਗਦਿਆਂ ਮੁਰਾਲੇ ਪੁੱਜ ਗਏ। ਆਪ ਜੀ ਨੇ ਅਖੰਡ ਪਾਠ ਅਰੰਭ ਕਰਾਇਆ। ਸੰਤਾਂ ਦੇ ਬੜੇ ਪਿਆਰ ਵਾਲੇ ਭਾਈ ਗੁਪਾਲ ਸਿੰਘ ਜੀ ਜੰਡਾਂ ਵਾਲਾ, ਭਗਤ ਸਰਦਾਰ ਸਿੰਘ ਜੀ ਸੰਤਪੁਰਾ, ਬਾਬਾ ਜੈ ਸਿੰਘ ਜੀ ਸੰਤਪੁਰਾ, ਭਾਈ ਭੋਲਾ ਸਿੰਘ ਜੀ ਸਰਾਏ ਆਲਮਗੀਰ, ਇਹ ਬੜੇ ਨਾਮੀ ਪਾਠੀ ਤੇ ਸ਼ੁੱਧ ਪਾਠ ਕਰਨ ਵਾਲੇ ਸਨ। ਸੰਤ ਬਾਬਾ ਭਾਗ ਸਿੰਘ ਹੋਰਾਂ ਦੀ ਦੇਖ ਭਾਲ ਵਿਚ ਆਖੰਡ ਪਾਠ ਦਾ ਭੋਗ ਪਿਆ। ਚਾਰੇ ਪਾਠੀਆਂ ਨੂੰ ਇਕ-ਇਕ ਸੋਨੇ ਦੀ ਮਾਲਾ ਅਤੇ ਰੇਸ਼ਮੀ ਬਸਤਰ, ਕੁਝ ਹੋਰ ਮਾਇਆ ਦਾਨ ਵਜੋਂ ਅਰਦਾਸ ਕਰਾਈ। ਬਹੁਤ ਸਾਰੀ ਮਠਿਆਈ ਤਿਆਰ ਕਰਾ ਕੇ ਵੰਡੀ। ਮਾਲ੍ਹਪੂੜੇ ਦਾ ਲੰਗਰ ਕੀਤਾ ਗਿਆ। ਇਹ ਸਾਰਾ ਪ੍ਰਬੰਧ ਸੰਤ ਭਾਗ ਸਿੰਘ ਜੀ ਨੇ ਉਸ ਅਕਾਲ ਪੁਰਖ ਦੀ ਅਪਾਰ ਕ੍ਰਿਪਾ ਦਾ ਸਦਕਾ, ਮਹਾਂਪੁਰਖ ਬਾਬਾ ਪ੍ਰੇਮ ਸਿੰਘ ਜੀ ਦੇ ਸਰੀਰ ਦੀ ਕੁਸ਼ਲਤਾ ਲਈ ਕੀਤਾ। ਕੁਝ ਸਮੇਂ ਪਿਛੋਂ ਫਿਰ ਮੋਢੇ ਦੀ ਹੱਡੀ ਨੂੰ ਭੀ ਅਰਾਮ ਆ ਗਿਆ। ਇਹ ਇਕ ਬੜੀ ਵੱਡੀ ਘਟਨਾ ਵਾਪਰੀ, ਜਿਸ ਤੋਂ ਮਲਾਕ ਨੇ ਆਪ ਹੱਥ ਦੇ ਕੇ ਰੱਖਿਆ।

5. ਇਕ ਵੇਰ ਆਪ ਜੀ ਨੂੰ ਕਾਰ ਬੰਕਰ ਫੋੜਾ ਨਿਕਲ ਪਿਆ। ਆਪ ਜੀ ਮੁਕੇਰੀਆਂ ਸਨ, ਬੜੀ ਜਲਦੀ ਆਪ ਜੀ ਨੂੰ ਸ੍ਰੀ ਅੰਮ੍ਰਿਤਸਰ ਹਸਪਤਾਲ ਪੁਚਾਇਆ। ਡਾਕਟਰ ਪ੍ਰੀਤਮ ਸਿੰਘ ਜੀ ਨੇ ਕਿਹਾ ਕਿ ਇਸ ਨੂੰ ਵਿਚੇ ਹੀ ਟੀਕੇ ਲਾ ਕੇ ਸੁਕਾ ਦਿੱਤਾ ਜਾਵੇ ਤਾਂ ਠੀਕ ਹੈ। ਡਾਕਟਰ ਸਾਹਿਬ ਨੇ ਕਈ ਦਿਨ ਹਸਪਤਾਲ ਰੱਖ ਕੇ ਟੀਕੇ ਲਾ ਕੇ ਵਿਚੇ ਸੁਕਾ ਦਿੱਤਾ। ਆਪ ਜੀ ਰਾਜ਼ੀ ਖ਼ੁਸ਼ੀ ਹੋ ਕੇ ਵਾਪਸ ਆ ਗਏ।

ਇਨ੍ਹਾਂ ਤੋਂ ਇਲਾਵਾ ਛੋਟੀਆਂ-ਛੋਟੀਆਂ ਘਟਨਾਵਾਂ ਤਾਂ ਹੋਰ ਭੀ ਹਨ। ਮੇਰਾ ਲਿਖਣ ਦਾ ਭਾਵ ਇਹ ਹੈ ਕਿ ਇਤਨੀਆਂ ਤਕਲੀਫ਼ਾਂ ਆਉਣ ਤੇ ਭੀ ਆਪ ਜੀ ਨੇ ਇਕ ਵੇਰ ਭੀ ਹਾਇ ਨਹੀਂ ਕੀਤਾ। 'ਵਾਹਿਗੁਰੂ-ਵਾਹਿਗੁਰੂ' ਹੀ ਆਪਣੀ ਰਸਨਾ ਤੋਂ ਕੱਢਦੇ ਰਹੇ। ਸਰੀਰਕ ਤਕਲੀਫ਼ਾਂ ਦੇ ਆਉਣ ਤੇ ਭੀ ਆਪ ਬੜੇ ਅਡੋਲ ਤੇ ਦ੍ਰਿੜ੍ਹ ਰਹਿੰਦੇ ਸਨ। ਜਦੋਂ ਅਰਾਮ ਆ ਜਾਂਦਾ, ਆਪ ਫਿਰ ਉਸੇ ਤਰ੍ਹਾਂ ਲੁਬਾਣਾ ਬਰਾਦਰੀ ਦੇ ਅਰੰਭੇ ਹੋਏ ਸਕੂਲਾਂ ਆਦਿ ਦੇ ਕੰਮਾਂ ਨੂੰ ਪੂਰਾ ਕਰਨ ਲਈ ਤਤਪਰ ਹੋ ਜਾਂਦੇ। **(ਚਲਦਾ)**

# ਭਾਈ ਮੱਖਣ ਸ਼ਾਹ ਜੀ ਦਾ ਧਾਰਮਿਕ ਵਿਰਸਾ

**ਮੇਜਰ ਸੰਗਤ ਸਿੰਘ ਬਾਵਾ (ਡੀ.ਈ.ਓ.) (ਰਿਟਾ.)**

## ਭਾਈ ਮੱਖਣ ਸ਼ਾਹ ਦਾ ਵਿਉਪਾਰ ਅਤੇ ਜਹਾਜ਼ ਦਾ ਜਾਣਾ

ਭਾਈ ਮੱਖਣ ਸ਼ਾਹ ਦਾ ਵਿਉਪਾਰ ਦੂਰ-ਦੂਰ ਤੱਕ ਫੈਲਿਆ ਹੋਇਆ ਸੀ। ਉਸ ਦੇ 10000 ਤੱਕ ਬਲਦ ਗੱਡੇ ਅਤੇ ਹੋਰ ਭਾਰ ਢੋਣ ਵਾਲੇ ਪਸ਼ੂ ਇਕੱਠੇ ਕਾਫ਼ਲਿਆਂ ਵਿਚ ਚਲਦੇ ਸਨ। ਨਾਇਕਾਂ ਦੇ 10 ਹਜ਼ਾਰ ਤੋਂ 12 ਹਜ਼ਾਰ ਲੱਦੇ ਵਾਲੇ ਪਸ਼ੂਆਂ ਦੇ ਜ਼ਿਕਰ ਕਰਦਿਆਂ ਫਰਾਂਸੀਸੀ ਸੈਲਾਨੀ ਟਰੈਵਰਨੀਅਰ ਜੋ ਸ਼ਾਹ ਜਹਾਨ ਅਤੇ ਔਰੰਗਜੇਬ ਦੇ ਸਮੇਂ ਭਾਰਤ ਆਇਆ ਸੀ ਲਿਖਦਾ ਹੈ 10000 ਜਾਂ 12000 ਢਗਿਆਂ ਦੇ ਕਾਫ਼ਲੇ ਜਿਨ੍ਹਾਂ ਤੇ ਕਣਕ, ਚਾਵਲ, ਲੂਣ ਅਤੇ ਹੋਰ ਜਿਨਸਾਂ ਲੱਦੀਆਂ ਹੁੰਦੀਆਂ ਸਨ, ਇਹਨਾਂ ਨੂੰ ਜਾਂਦਿਆਂ ਦੇਖਣਾ ਬੜਾ ਹੈਰਾਨੀਜਨਕ ਨਜ਼ਾਰਾ ਹੁੰਦਾ ਸੀ। ਇਹ ਕਣਕ ਉਥੇ ਲੈ ਜਾਂਦੇ, ਜਿਥੇ ਕਣਕ ਨਹੀਂ ਚਾਵਲ ਹੁੰਦੇ ਸਨ ਅਤੇ ਚਾਵਲ ਉਥੇ ਲੈ ਜਾਂਦੇ ਜਿਥੇ ਚਾਵਲ ਨਹੀਂ ਹੁੰਦੇ ਹਨ, ਨਮਕ ਉਥੇ ਲੈ ਜਾਂਦੇ ਜਿਥੇ ਇਹ ਨਹੀਂ ਹੁੰਦਾ ਸੀ। ਇਕ ਬਲਦ 140 ਤੋਂ 150 ਸੇਰ (300 ਤੋਂ 400 ਪੌਂਡ) ਭਾਰ ਲੈ ਜਾਂਦਾ ਸੀ। ਇਹ ਭਾਰਤੀ ਸਾਮਾਨ ਪੱਛਮੀ ਭਾਰਤ ਵਿਚ ਵਧੇਰੇ ਸੂਰਤ ਦੀ ਬੰਦਰਗਾਹ ਜਾਂ ਇਸ ਦੇ ਨੇੜਿਉਂ ਅਤੇ ਪੂਰਬੀ ਭਾਰਤ ਵਿਚ ਢਾਕੇ ਦੀ ਬੰਦਰਗਾਹ ਤੋਂ ਬਾਹਰ ਭੇਜਿਆ ਜਾਂਦਾ ਸੀ। ਭਾਈ ਮੱਖਣ ਸ਼ਾਹ ਦੇ ਗਿਆਨੀ ਗਿਆਨ ਸਿੰਘ ਦੀ ਪੁਸਕ ਤਵਾਰੀਖ ਖ਼ਾਲਸਾ ਦੇ ਪੰਨਾ 665



ਅਨੁਸਾਰ 10000 ਬੈਲ ਅਤੇ ਕਈ ਸਮੁੰਦਰੀ ਜਹਾਜ਼ਾਂ ਦੇ ਬੜੇ ਵਪਾਰ ਵਿਚ ਚਲਦੇ ਸਨ। ਕਈ ਲਿਖਾਰੀ ਲੱਦੇ ਵਾਲੇ ਪਸ਼ੂਆਂ ਦੀ ਗਿਣਤੀ ਇਕ ਲੱਖ ਜਿਵੇਂ 'ਲੱਛ ਬੈਲ ਜਹਿ ਜਲੇ ਸਹਾਇਕ' ਲਿਖਦੇ ਹਨ ਅਤੇ ਕਈ ਇਹ ਗਿਣਤੀ 52000 ਤੋਂ 68000 ਲਿਖਦੇ ਹਨ।

ਗਿਆਨੀ ਹਰਨਾਮ ਸਿੰਘ ਆਪਣੀ ਪੁਸਤਕ ਲੁਬਾਣਾ ਇਤਿਹਾਸ ਦੇ ਪੰਨਾ 218 ਤੋਂ ਲਿਖਦੇ ਹਨ ਕਿ, 'ਭਾਰਤ ਕਾਲੋਨੀ ਆਪਣੀ ਤਰਫੋਂ ਗਰਮ ਮਸਾਲੇ, ਦੰਦ ਖੰਡ ਦੇ ਗਾਹਿਣੇ, ਢਾਕੇ ਦੀ ਮਲ ਮਲ, ਬੰਗਾਲ ਦੇ ਰੇਸ਼ਮੀ ਕੱਪੜੇ, ਕਸ਼ਮੀਰ ਦੇ ਸ਼ਾਲ ਆਦਿ ਬਾਹਰ ਭੇਜਦੇ ਸਨ।'

'ਸੋ ਮੱਖਣ ਸ਼ਾਹ ਵੀ ਇਹ ਚੀਜ਼ਾਂ ਬਾਹਰਲੇ ਦੇਸ਼ਾਂ ਨੂੰ ਭੇਜਦੇ ਸਨ। ਪੁਰਤਗੇਜ਼ ਦੇ ਲੋਕ ਭਾਰਤ ਦੀਆਂ ਪਗੜੀਆਂ (ਦਸਤਾਰ), ਧੋਤੀਆਂ ਤੇ ਰੇਸ਼ਮੀ ਰੁਮਾਲਾਂ ਦੇ ਬਹੁਤ ਸ਼ੌਕੀਨ ਸਨ। ਇਥੇ ਹੀ ਬਸ ਨਹੀਂ ਸੁੰਦਰਤਾ ਦਾ ਘਰ ਫਰਾਂਸ ਦੇ ਵਸਨੀਕ ਭਾਰਤ ਕਾਲੋਨੀ ਦੇ ਕਸ਼ਮੀਰੀ ਸ਼ਾਲ ਅਤੇ ਅਨੇਕਾਂ ਹੋਰ ਰੇਸ਼ਮੀ ਸਾੜੀਆਂ ਅਤੇ ਰੁਮਾਲਾਂ ਦੇ ਬਹੁਤ ਸ਼ੌਕੀਨ ਸਨ।'

ਉਸ ਸਮੇਂ ਧਰਤੀ ਰਾਹੀਂ ਵਿਉਪਾਰ ਲਈ ਜੋ ਸਦੀਆਂ ਤੋਂ ਮਾਰਗ ਵਰਤਿਆ ਜਾਂਦਾ ਸੀ, ਰਣਜੀਤ ਨਾਇਕ ਦੇ ਰੋਮਾ ਬਨਜਾਰਾ ਅਨੁਸਾਰ ਇਸ ਨੂੰ ਪੁਰਾਣੇ ਸਮਿਆਂ ਤੋਂ ਲੁਬਾਣਾ ਮਾਰਗ ਜਾਂ ਲਮਾਣ ਮਾਰਗ ਕਿਹਾ ਜਾਂਦਾ ਸੀ। ਇਹ ਉੱਤਰ-ਪੱਛਮ ਵੱਲ ਦੇਹਲੀ ਤੋਂ ਲਾਹੌਰ, ਅਟਕ ਤੋਂ ਹੁੰਦਾ ਹੋਇਆ ਇਰਾਨ, ਤੁਰਕੀ ਅਤੇ ਯੂਰਪੀ ਦੇਸ਼ਾਂ ਨੂੰ ਚਲਾ ਜਾਂਦਾ ਸੀ। ਇਸ ਦਾ ਇਕ ਭਾਗ ਗੁਜਰਾਤ ਕਾਠੀਆਵਾੜ ਨੂੰ ਸਮੁੰਦਰ ਦੇ ਕਿਨਾਰੇ ਦੇ ਨਾਲ-ਨਾਲ ਹੁੰਦਾ ਮਦਰਾਸ ਅਤੇ ਲੰਕਾ ਨੂੰ ਚਲਾ ਜਾਂਦਾ ਸੀ। ਦੇਹਲੀ ਤੋਂ ਚਲ ਕੇ ਇਕ ਧਰਤੀ ਦਾ ਰਾਹ ਮਥੁਰਾ ਤੋਂ ਹੁੰਦਾ ਹੋਇਆ ਢਾਕਾ ਚਲਾ ਜਾਂਦਾ। ਇਕ ਰਾਹ ਦੇਹਲੀ ਤੋਂ ਲਾਹੌਰ ਹੁੰਦਾ ਹੋਇਆ ਕਸ਼ਮੀਰ ਅਤੇ ਲੱਦਾਖ ਤੋਂ ਹੁੰਦਾ ਹੋਇਆ ਤਿੱਬਤ ਚਲਾ ਜਾਂਦਾ ਸੀ।

ਜਿੱਥੇ ਤੱਕ ਸਮੁੰਦਰੀ ਰਸਤਿਆਂ ਦਾ ਸਬੰਧ ਹੈ। ਪੂਰਬ ਵਿਚ ਇਹ ਢਾਕੇ ਤੋਂ ਅਤੇ ਕਲਕੱਤੇ ਤੋਂ ਪੂਰਬੀ ਦੇਸ਼ਾਂ ਮਲੇਸ਼ੀਆ, ਇੰਡੋਨੇਸ਼ੀਆ, ਹਾਂਗ ਕਾਂਗ, ਚੀਨ ਆਦਿ ਨੂੰ ਅਤੇ ਅਫ਼ਰੀਕੀ ਦੇਸ਼ਾਂ ਨੂੰ ਵਲਾਉਂਦੇ ਹੋਏ ਯੂਰਪ ਨੂੰ ਚਲਿਆ ਜਾਂਦਾ। ਦੱਖਣ ਵਿਚ ਇਹ ਮਰਦਾਸ ਤੋਂ ਅਰਬ ਦੇਸ਼ਾਂ ਅਫ਼ਰੀਕੀ ਦੇਸ਼ਾਂ ਅਤੇ ਯੋਰਪੀ ਦੇਸ਼ਾਂ ਨੂੰ ਜਾਂਦੇ ਸਨ। ਇਕ ਰਾਹ ਮਾਲਦੀਪ ਦੇ ਟਾਪੂਆਂ ਨੂੰ ਵੀ ਚਲਾ ਜਾਂਦਾ ਸੀ। ਇਸ ਤਰ੍ਹਾਂ ਵਿਉਪਾਰੀ ਆਪਣੇ ਵਿਉਪਾਰ ਲਈ ਧਰਤੀ ਅਤੇ ਸਮੁੰਦਰ ਦੇ ਦੋਵੇਂ ਰਸਤੇ ਵਰਤਦੇ ਸਨ।

ਬੰਬਈ ਵਿਚ ਪ੍ਰਿੰਸ ਆਫ਼ ਵੇਲਜ਼ ਨਾਂ ਦਾ ਮਯੂਜ਼ੀਅਮ/ਅਜਾਇਬ ਘਰ ਹੈ, ਜਿਸ ਵਿਚ ਪੁਰਾਣੇ ਸਮਿਆਂ ਦੇ ਵਿਉਪਾਰ ਅਤੇ ਵਿਸ਼ੇਸ਼ ਕਰਕੇ ਸਮੁੰਦਰੀ ਵਿਉਪਾਰ ਬਾਰੇ ਦਿੱਤਾ ਹੋਇਆ ਹੈ। ਇਸ ਤੋਂ ਬੜਾ ਸਪੱਸ਼ਟ ਹੁੰਦਾ ਹੈ ਕਿ ਭਾਰਤੀ ਵਿਉਪਾਰੀ ਪੂਰਬ ਈਸਾ ਮਸੀਹ ਸਮੇਂ ਤੋਂ ਵੀ ਪਹਿਲਾਂ ਸਮੁੰਦਰਾਂ ਰਾਹੀਂ ਵਿਉਪਾਰ ਕਰਦੇ ਸਨ ਅਤੇ ਭਾਰਤੀ ਸਭਿਅਤਾ ਵੀ ਫੈਲਾਉਂਦੇ ਸਨ। ਇੰਡੋਨੇਸ਼ੀਆ, ਮਲੇਸ਼ੀਆ, ਹਾਂਗਕਾਂਗ, ਥਾਈਲੈਂਡ, ਲੰਕਾ ਨਾਲ, ਮਿਸਰ, ਸੀਰੀਆ ਅਤੇ ਹੋਰ ਅਰਬ ਦੇਸ਼ਾਂ ਨਾਲ ਇਹ ਵਿਉਪਾਰ ਬਹੁਤ ਸੀ। ਯੋਰਪ ਨਾਲ ਸਮੁੰਦਰੀ ਵਿਉਪਾਰ ਬਾਰੇ ਕੋਈ ਪੁਰਾਤਨ ਚਿੰਨ੍ਹ ਨਹੀਂ ਮਿਲਦੇ ਪਰੰਤੂ ਈਰਾਨ, ਤੁਰਕੀ ਰਾਹੀਂ ਧਰਤੀ ਦੇ ਮਾਰਗਾਂ ਤੇ ਭਾਰਤੀ ਯੋਰਪ ਵਿਚ ਵਿਉਪਾਰ ਲਈ ਆਮ ਜਾਂਦੇ ਸਨ, ਜੋ ਇਸਾਈ, ਇਸਲਾਮਿਕ ਲੜਾਈਆਂ ਕਾਰਣ ਬੰਦ ਹੋ ਗਏ ਸਨ। ਭਾਈ ਮੱਖਣ ਸ਼ਾਹ ਵੀ ਆਪਣੇ ਸਮੁੰਦਰੀ ਜਹਾਜ਼ਾਂ ਰਾਹੀਂ ਦੂਰ-ਦੁਰਾਡੇ ਦੇਸ਼ਾਂ ਵਿਚ ਵਿਉਪਾਰ ਵਿਚ ਲੱਗਾ ਹੋਇਆ ਸੀ। ਉਹ ਇਕ ਵਾਰ ਇਨ੍ਹਾਂ ਜਹਾਜ਼ਾਂ ਨਾਲ ਆਪ ਗਿਆ ਹੋਇਆ ਸੀ। ਆਮ ਤੌਰ 'ਤੇ ਉਸ ਦੇ ਵਿਦੇਸ਼ਾਂ ਵਿਚ ਏਜੰਟ ਉਸ ਦਾ ਭੇਜਿਆ ਹੋਇਆ ਸਾਮਾਨ ਵੱਡੇ ਵਿਉਪਾਰੀਆਂ ਨੂੰ ਵੇਚ ਦਿੰਦੇ ਅਤੇ ਉਨ੍ਹਾਂ ਦੇਸ਼ਾਂ ਤੋਂ ਆਯਾਤ ਹੋਣ ਵਾਲਾ ਸਾਮਾਨ ਇਨ੍ਹਾਂ ਜਹਾਜ਼ਾਂ ਵਿਚ ਲਦਵਾ ਦਿੰਦੇ। ਇਸ ਲਈ ਉਸ ਨੇ ਕਈ ਦੇਸ਼ਾਂ ਵਿਚ ਆਪਣੇ ਵਿਉਪਾਰੀ ਅਤੇ ਏਜੰਟ ਰੱਖੇ ਹੋਏ ਸਨ ਪਰੰਤੂ ਇਨ੍ਹਾਂ ਤੇ ਨਿਯੰਤਰਨ ਦਾ ਉਸ ਸਮੇਂ ਉਸ ਦਾ ਪ੍ਰਬੰਧ ਕਿਸੇ ਰਾਜ ਵਾਂਗ ਹੋਵੇਗਾ, ਜਿਸ ਦਾ ਕੰਮ ਕੇਵਲ ਆਰਥਿਕ ਪ੍ਰਬੰਧ ਹੋਵੇ ਨਾ ਕਿ ਰਾਜ ਪ੍ਰਬੰਧ।

(ਚਲਦਾ)

● ● ●

## ਬੇਨਤੀ

1. ਲੁਬਾਣਾ ਭਾਈਚਾਰੇ ਦੀਆਂ ਅਜੀਮ ਸਖ਼ਸ਼ੀਅਤਾਂ ਜਿਨ੍ਹਾਂ ਵੱਲੋਂ ਆਪਣੀ ਜ਼ਿੰਦਗੀ ਵਿਚ ਸਮਾਜ ਦੇ ਕਿਸੇ ਵੀ ਖੇਤਰ ਮਸਲਨ ਰਾਜਨੀਤਕ, ਧਾਰਮਿਕ, ਸਮਾਜਿਕ, ਸਭਿਆਚਾਰਕ, ਪ੍ਰਸਾਸ਼ਨਕ, ਵਪਾਰ ਜਾਂ ਉਦਯੋਗ ਆਦਿ ਵਿਚ ਨਿਵੇਕਲੀਆਂ ਪ੍ਰਾਪਤੀਆਂ ਕੀਤੀਆਂ ਹੋਣ, ਉਹ ਜਾਂ ਉਨ੍ਹਾਂ ਦੇ ਜਾਣਕਾਰ ਆਪਣਾ ਜੀਵਨ ਵੇਰਵਾ ਸਮੇਤ ਫੋਟੋ ਅਤੇ ਸਮੇਂ-ਸਮੇਂ ਸਿਰ ਕੀਤੀਆਂ ਗਈਆਂ ਪ੍ਰਾਪਤੀਆਂ ਦਾ ਵਿਸਥਾਰ ਨਾਲ ਵੇਰਵਾ ਭੇਜਣ ਦੀ ਕ੍ਰਿਪਾਲਤਾ ਕਰਨ। 'ਲੁਬਾਣਾ ਸੇਵਕ' ਮੈਗਜ਼ੀਨ ਵਿਚ ਇਹ ਜੀਵਨ ਵੇਰਵੇ ਅਸੀਂ ਛਾਪ ਕੇ ਖੁਸ਼ੀ ਮਹਿਸੂਸ ਕਰਾਂਗੇ। ਆਪਣੇ ਵੇਰਵਾ ਫਾਊਂਡੇਸ਼ਨ ਦੇ ਮੁੱਖ ਦਫ਼ਤਰ ਜਾਂ ਸੰਪਾਦਕ ਦੇ ਪਤੇ 'ਤੇ ਸਿੱਧੇ ਭੇਜਣ ਦੀ ਕ੍ਰਿਪਾਲਤਾ ਕਰੋ।

2. ਬਾਬਾ ਮੱਖਣ ਸ਼ਾਹ ਲੁਬਾਣਾ ਫਾਊਂਡੇਸ਼ਨ ਦੇ ਮੈਂਬਰ ਸਾਹਿਬਾਨ ਜਿਨ੍ਹਾਂ ਦੇ ਮੈਂਬਰਸ਼ਿਪ ਕਾਰਡ ਨਹੀਂ ਬਣੇ ਜਾਂ ਗੁਆਚ ਚੁੱਕੇ ਹਨ ਉਹ ਜਲਦੀ ਤੋਂ ਜਲਦੀ ਨਵੇਂ ਕਾਰਡ ਬਨਾਉਣ ਲਈ ਭਵਨ ਦੇ ਦਫ਼ਤਰ ਵਿਖੇ ਸੰਪਰਕ ਕਰਨ ਜੀ।

**ਸੰਪਾਦਕ - ਇੰਜ: ਭਗਵਾਨ ਸਿੰਘ ਲੁਬਾਣਾ**
**E-mail:bslubana187@gmail.com**
**M.: 98155-40240**

# ਸਾਹਿਬਜ਼ਾਦਿਆਂ ਦੀ ਸ਼ਹਾਦਤ



ਅਨੰਦਪੁਰ ਸਾਹਿਬ ਵਿਚ ਮਾਤਾ ਜੀਤੋ ਜੀ ਅਤੇ ਮਾਤਾ ਸੁੰਦਰੀ ਜੀ ਦੀ ਕੁੱਖੋਂ ਬਾਬਾ ਅਜੀਤ ਸਿੰਘ, ਬਾਬਾ ਜੁਝਾਰ ਸਿੰਘ, ਬਾਬਾ ਜ਼ੋਰਾਵਰ ਸਿੰਘ ਅਤੇ ਬਾਬਾ ਫਤਹਿ ਸਿੰਘ ਜੀ ਵਰਗੇ ਚਾਰ ਅਮੋਲਕ ਹੀਰੇ ਸੰਸਾਰ ਨੂੰ ਮਿਲੇ। ਅਨੰਦਪੁਰ ਸਾਹਿਬ ਵਿਚ ਗੁਰਬਾਣੀ ਅਤੇ ਕੀਰਤਨ ਦੀਆਂ ਧੁਨੀਆਂ ਉੱਠੀਆਂ, ਰਣਜੀਤ ਨਗਾਰੇ ਵਜੇ, ਸੰਗਤਾਂ ਨਾਲ ਅਨੰਦਪੁਰ ਦੀਆਂ ਰੌਣਕਾਂ ਵਧੀਆਂ ਅਤੇ ਨਾਲ ਹੀ ਚਾਰੇ ਸਾਹਿਬਜ਼ਾਦੇ ਸੰਸਾਰਕ ਅਤੇ ਪਰਮਾਰਥਕ ਵਿੱਦਿਆ ਵਿਚ ਨਿਪੁੰਨਤਾ ਪ੍ਰਾਪਤ ਕਰਦੇ ਰਹੇ। ਛੋਟੇ ਸਾਹਿਬਜ਼ਾਦਿਆਂ ਨੇ ਪੂਰਾ ਬਚਪਨ ਵੀ ਨਹੀਂ ਹੰਢਾਇਆ ਸੀ, ਬਾਬਾ ਫਤਿਹ ਸਿੰਘ ਅਜੇ ਕੇਵਲ 7 ਸਾਲ, ਬਾਬਾ ਜੋਰਾਵਰ ਸਿੰਘ 9 ਸਾਲ ਅਤੇ ਬਾਬਾ ਜੁਝਾਰ ਸਿੰਘ ਅਤੇ ਬਾਬਾ ਅਜੀਤ ਸਿੰਘ ਜੀ ਜੁਆਨੀ ਦੀ ਦਹਿਲੀਜ਼ ਚੁੰਮਣ ਲੱਗੇ ਸਨ ਕਿ ਬੇਈਮਾਨ ਪਹਾੜੀ ਹਿੰਦੂ ਰਾਜਿਆਂ ਅਤੇ ਮੁਗ਼ਲ ਹਾਕਮਾਂ ਦੀਆਂ ਝੂਠੀਆਂ ਕਸਮਾਂ ਤੇ ਵਿਸ਼ਵਾਸ ਕਰ ਕੇ ਆਨੰਦਪੁਰ ਛੱਡਣਾ ਪੈ ਗਿਆ।

ਸਰਦੀ ਦੀ ਰੁੱਤ, ਪਿੱਛੇ ਝੂਠੇ ਅਤੇ ਬੇਈਮਾਨ ਪਹਾੜੀ ਹਿੰਦੂ ਰਾਜਿਆਂ ਅਤੇ ਮੁਗ਼ਲ ਸੈਨਾ ਦਾ ਲਸ਼ਕਰ ਅੱਗੇ ਸਰਸਾ ਨਦੀ ਦਾ ਹੜ੍ਹ, ਬੇਤਹਾਸ਼ਾ ਜਾਨੀ ਮਾਲੀ ਨੁਕਸਾਨ ਉਠਾ ਕੇ 20 ਦਸੰਬਰ ਦੀ ਕਾਲੀ ਬੋਲ਼ੀ ਰਾਤ ਨੂੰ ਦਸ਼ਮੇਸ਼ ਜੀ ਆਪਣੇ ਜਥੇ ਨਾਲ ਸਰਸਾ ਪਾਰ ਕਰ ਗਏ ਅਤੇ ਬਾਬਾ ਅਜੀਤ ਸਿੰਘ ਦੀ ਕਮਾਨ ਹੇਠ ਸਿੰਘਾਂ ਨੇ ਵੈਰੀ ਦਲ ਨੂੰ ਵੱਧਣੋਂ ਰੋਕੀ ਰੱਖਿਆ। ਪਹਿਲੀ ਬਣਾਈ ਯੋਜਨਾ ਅਨੁਸਾਰ ਮਾਤਾ ਸੁੰਦਰ ਕੌਰ ਅਤੇ ਮਾਤਾ ਸਾਹਿਬ ਕੌਰ ਭਾਈ ਮਨੀ ਸਿੰਘ ਜੀ ਨਾਲ ਦਿੱਲੀ ਵੱਲ ਤੁਰ ਪਏ। ਚਾਰੇ ਸਾਹਿਬਜ਼ਾਦੇ ਅਤੇ ਮਾਤਾ ਗੁਜਰੀ ਜੀ ਦਸ਼ਮੇਸ਼ ਜੀ ਸੰਗ ਸਨ।


**ਮਹਿੰਦਰ ਸਿੰਘ**
**ਡੀ.ਐਸ.ਪੀ. (ਸੇਵਾ ਮੁਕਤ)**
**ਡਬਲ ਰਾਸ਼ਟਰਪਤੀ ਐਵਾਰਡੀ**
ਪ੍ਰਧਾਨ ਬ.ਮ.ਸ.ਲ.ਵ.ਸ. (ਰਜਿ.) ਜਲੰਧਰ
**ਐਡਵਾਇਜ਼ਰ ਲੁਬਾਣਾ ਸੇਵਕ**
**98144-74535**




ਪਰਮੇਸ਼ਰ ਦੇ ਹੁਕਮ ਅੰਦਰ ਉਹ ਸਮਾਂ ਆਇਆ ਜਦ ਪਰਿਵਾਰ ਵਿਛੋੜੇ ਦੇ ਅਸਥਾਨ ਤੇ ਦੋਨੋਂ ਵੱਡੇ ਸਾਹਿਬਜ਼ਾਦੇ ਕਲਗੀਧਰ ਨਾਲ ਹੋ ਗਏ ਅਤੇ ਛੋਟੇ ਸਾਹਿਬਜ਼ਾਦੇ ਮਾਤਾ ਗੁਜਰੀ ਜੀ, ਗੁਰੂ ਘਰ ਦੇ ਰਸੋਈਏ ਗੰਗੂ ਬ੍ਰਾਹਮਣ ਨਾਲ ਜੁਦਾ ਹੋ ਗਏ।

**ਚਮਕੌਰ ਦੀ ਜੰਗ** - ਗੁਰੂ ਸਾਹਿਬ ਕੋਲ ਸਾਹਿਬਜ਼ਾਦਿਆਂ ਤੋਂ ਇਲਾਵਾ ਕੇਵਲ ਚਾਲੀ ਸਿੰਘ, ਦੂਸਰੇ ਪਾਸੇ ਦਸ ਲਖ ਦੇ ਕਰੀਬ ਫੌਜ ਸੀ। ਰਾਤ ਦੇ ਵਿਸ਼ਰਾਮ ਪਿਛੋਂ ਦਿਨ ਚੜ੍ਹਦੇ ਲੜਾਈ ਸ਼ੁਰੂ ਹੋਈ, ਵੈਰੀ, ਟਿੱਡੀ ਦਲ ਵਾਂਗ ਉਮੜ ਕੇ ਗੜ੍ਹੀ ਵੱਲ ਆਇਆ। ਪਰ ਜਿਸ ਨੇ ਵੀ ਦੀਵਾਰ ਤੇ ਚੜ੍ਹਨ ਦੀ ਕੋਸ਼ਿਸ਼ ਕੀਤੀ ਖਾਲਸੇ ਦੀ ਤੇਗ਼ ਨਾਲ ਲਿਪਟ ਕੇ ਸਦਾ ਦੀ ਨੀਂਦ ਸੌਂ ਗਿਆ। ਉੱਚੇ ਅਸਥਾਨ ਤੇ ਬੈਠ ਗੁਰੂ ਸਾਹਿਬ ਲੜਾਈ ਦਾ ਪੂਰਾ ਜਾਇਜ਼ਾ ਲੈ ਰਹੇ ਸਨ। ਨਾਲ ਹੀ ਆਪਣੀ ਤੀਰ ਅੰਦਾਜ਼ੀ ਦਾ ਜੌਹਰ ਵੀ ਦਿਖਾ ਰਹੇ ਸਨ। ਵੱਡੇ ਸਾਹਿਬਜ਼ਾਦੇ ਬਾਬਾ ਅਜੀਤ ਸਿੰਘ ਨੇ ਮੈਦਾਨਿ ਜੰਗ ਵਿਚ ਜਾਣ ਦੀ ਇਜਾਜ਼ਤ ਮੰਗੀ ਗੁਰੂ ਪਿਤਾ ਨੇ ਛਾਤੀ ਨਾਲ ਲਾਇਆ ਮੱਥਾ ਚੁੰਮਿਆ ਅਤੇ ਆਪ ਹੱਥੀਂ ਸ਼ਸਤਰ ਸਜਾ ਕੇ ਗੜ੍ਹੀ ਤੋਂ ਬਾਹਰ ਪੰਜ ਸਿੰਘਾਂ ਸਮੇਤ ਤੋਰਿਆ।

ਬਾਬਾ ਅਜੀਤ ਸਿੰਘ ਜੀ ਬਿਜਲੀ ਦੀ ਫੁਰਤੀ ਨਾਲ ਗੜ੍ਹੀ ਤੋਂ ਬਾਹਰ ਆਏ। ਬਾਬਾ ਜੀ ਨੇ ਪਹਿਲਾਂ ਬੰਦੂਕ ਨਾਲ ਵੈਰੀ ਨੂੰ ਫੁੰਡਿਆ ਫਿਰ ਉਹ ਤੇਗ਼ ਚਲਾਈ ਕਿ ਦੁਸ਼ਮਣ ਵੀ ਮੂੰਹ ਵਿਚ ਉਂਗਲਾਂ ਪਾਉਣ ਤੇ ਮਜ਼ਬੂਰ ਹੋ ਗਿਆ। ਤਲਵਾਰ ਟੁੱਟ ਜਾਣ ਤੇ ਫਿਰ ਨੇਜ਼ਾ ਲੈ ਕੇ ਜਿਧਰ ਗਏ ਵੈਰੀ ਦੇ ਸੱਥਰ ਵਿਛਾ ਦਿੱਤੇ। ਆਖੀਰ ਨੂੰ ਸਾਥੀ ਸਿੰਘਾਂ ਦੇ ਸ਼ਹੀਦ ਹੋਣ ਤੇ ਇਕੱਲੇ ਵੈਰੀ ਦਲ ਵਿਚ ਘਿਰ ਗਏ ਅਤੇ ਪਿਛੋਂ ਕਿਸੇ ਨੇ ਬਰਛੇ ਦਾ ਵਾਰ ਕੀਤਾ ਅਤੇ ਬਾਬਾ ਜੀ ਸ਼ਹੀਦੀ ਪਾ ਗਏ। ਗੁਰੂ ਸਾਹਿਬ ਗੜ੍ਹੀ ਦੇ ਚੁਬਾਰੇ ਤੇ ਸਭ ਕੁਛ ਅੱਖੀਂ ਦੇਖ ਰਹੇ ਸੀ। ਆਪਣੇ ਬੇਟੇ ਦੀ ਬਹਾਦਰੀ ਦੇਖ ਕੇ ਮਨ ਵਿਚ ਪਰਸੰਨ ਹੋ ਰਹੇ ਸਨ ਅਤੇ ਪਵਿੱਤਰ ਮੁਖਾਰਬਿੰਦ ਤੋਂ ਅਕਾਲ ਪੁਰਖ ਦਾ ਸ਼ੁਕਰ ਕਰ ਰਹੇ ਸਨ।

ਵੱਡੇ ਵੀਰ ਨੂੰ ਸ਼ਹੀਦ ਹੋਇਆ ਦੇਖ, ਬਾਬਾ ਜੁਝਾਰ ਸਿੰਘ ਵੈਰਾਗ ਅਤੇ ਜੋਸ਼ ਵਿਚ ਨਿਮਰਤਾ ਨਾਲ ਹੱਥ ਜੋੜ ਪਿਤਾ ਦੇ ਸਾਹਮਣੇ ਖੜੋ ਗਏ ਅਤੇ

ਹੁਕਮ ਦੀ ਉਡੀਕ ਕਰਨ ਲੱਗੇ। ਗੁਰੂ ਪਿਤਾ ਨੇ ਸਾਹਿਬਜ਼ਾਦੇ ਨੂੰ ਆਸ਼ੀਰਵਾਦ ਦੇ ਕੇ ਤੋਰਿਆ ਅਤੇ ਆਪਣੇ ਸਾਹਮਣੇ ਸ਼ਹੀਦ ਹੁੰਦਾ ਦੇਖਿਆ।

**ਸਾਕਾ ਸਰਹੰਦ** - ਦੂਸਰੇ ਪਾਸੇ ਮਾਤਾ ਗੁਜਰੀ ਅਤੇ ਸਾਹਿਬਜ਼ਾਦੇ ਨਮਕ ਹਰਾਮ ਗੰਗੂ ਬ੍ਰਾਹਮਣ ਦੀ ਬੇਈਮਾਨੀ ਦਾ ਸਦਕਾ ਮੁਰਿੰਡੇ ਦੇ ਥਾਣੇਦਾਰ ਰਾਹੀਂ ਸਰਹਿੰਦ ਪਹੁੰਚ ਗਏ। ਸੂਬੇਦਾਰ ਸਰਹਿੰਦ ਵਜ਼ੀਰ ਖਾਂ ਦੇ ਹੁਕਮ ਅਨੁਸਾਰ, ਇਕ ਰਾਤ, ਪੋਹ ਦੇ ਮਹੀਨੇ ਠੰਢੇ ਬੁਰਜ ਵਿਚ ਰੱਖ ਕੇ ਅਗਲੇ ਦਿਨ ਨਵਾਬ ਦੀ ਕਚਹਿਰੀ ਵਿਚ ਪੇਸ਼ ਕੀਤਾ ਗਿਆ।

ਸਾਹਿਬਜ਼ਾਦਿਆਂ ਨੇ ਗੱਜ ਕੇ ਫਤਹਿ ਬੁਲਾਈ "ਵਾਹਿਗੁਰੂ ਜੀ ਕਾ ਖਾਲਸਾ ਵਾਹਿਗੁਰੂ ਜੀ ਕੀ ਫਤਹਿ"। ਬੱਚਿਆਂ ਦੀ ਨਿਰਭੈਤਾ ਦੇਖ ਕੇ ਨਵਾਬ ਤੇ ਦਰਬਾਰੀਆਂ ਨੇ ਮੂੰਹ ਵਿਚ ਉਂਗਲਾਂ ਪਾ ਲਈਆਂ। ਫਿਰ ਸਮਝਾਣਾ ਸ਼ੁਰੂ ਕੀਤਾ ਕਿ ਇਸਲਾਮ ਕਬੂਲ ਕਰੋ ਅਤੇ ਦੁਨੀਆਂ ਦੇ ਸਾਰੇ ਸੁਖ ਮਾਣੋ। ਸਾਹਿਬਜ਼ਾਦਿਆਂ ਦੇ ਇਨਕਾਰ ਕਰਨ ਤੇ ਇਕ ਦਿਨ ਦੀ ਮੁਹਲਤ ਸੋਚਣ ਲਈ ਦਿੱਤੀ ਗਈ ਅਤੇ ਅਗਲੇ ਦਿਨ ਫਿਰ ਦਰਬਾਰ ਵਿਚ ਹਾਜ਼ਰ ਕਰਨ ਦਾ ਹੁਕਮ ਦਿੱਤਾ ਗਿਆ।

ਅਗਲੇ ਦਿਨ ਫਿਰ ਸਾਹਿਬਜ਼ਾਦਿਆਂ ਨੂੰ ਉਹੀ ਪ੍ਰਸ਼ਨ ਕੀਤਾ ਗਿਆ ਅਤੇ ਸਾਹਿਬਜ਼ਾਦਿਆਂ ਨੇ ਫਿਰ ਇਨਕਾਰ ਕਰ ਦਿੱਤਾ। ਕਚਹਿਰੀ ਲੱਗੀ ਹੋਈ ਸੀ ਕਿ ਮਲੇਰਕੋਟਲੇ ਦਾ ਨਵਾਬ ਸ਼ੇਰ ਖਾਂ ਆ ਗਿਆ। ਵਜ਼ੀਰ ਖਾਂ ਕਹਿਣ ਲੱਗਾ ਕਿ ਮੈਂ ਹਕੂਮਤ ਦੇ ਬਾਗ਼ੀ ਦੇ ਪੁੱਤਰਾਂ ਨੂੰ ਤੇਰੇ ਹਵਾਲੇ ਕਰਦਾ ਹਾਂ ਤੇਰਾ ਭਰਾ ਨਾਹਰ ਖਾਂ ਗੁਰੂ ਦੇ ਹੱਥੋਂ ਮਾਰਿਆ ਗਿਆ ਸੀ ਤੂੰ ਉਸਦਾ ਬਦਲਾ ਲੈ ਲੈ। ਪਰ ਉਸ ਰੱਬੀ ਭੈ ਵਾਲੇ ਪਠਾਨ ਨੇ ਉੱਤਰ ਦਿੱਤਾ ਕਿ ਅਸੀਂ ਪਠਾਨ ਹਾਂ ਜੇ ਹਿੰਮਤ ਹੋਈ ਅਤੇ ਅਵਸਰ ਲੱਗਾ ਗੁਰੂ ਨਾਲ ਮੈਦਾਨੇ ਜੰਗ ਵਿਚ ਨਜਿੱਠਾਂਗੇ। ਮੈਂ ਇਹ ਕੁਕਰਮ ਨਹੀਂ ਕਰ ਸਕਦਾ ਅਤੇ ਇਹ ਕਿਹੜਾ ਧਰਮ ਹੈ ਅਤੇ ਕਿਹੜਾ ਕਾਨੂੰਨ ਹੈ ਜੋ ਆਖਦਾ ਹੈ ਕਿ ਬਾਪ ਦਾ ਬਦਲਾ ਮਾਸੂਮ ਬੱਚਿਆਂ ਤੋਂ ਲਿਆ ਜਾਵੇ? ਪਰ ਸੁੱਚਾ ਨੰਦ ਦੇ ਉਕਸਾਉਣ ਤੇ ਕਿ ਹਜ਼ੂਰ ਸੱਪ ਦੇ ਬੱਚੇ ਸਪੋਲੀਏ ਹੀ ਹੁੰਦੇ ਹਨ ਇਨ੍ਹਾਂ ਤੇ ਤਰਸ ਨ ਕਰੋ ਵੱਡੇ ਹੋ ਕੇ ਤੰਗ ਕਰਨਗੇ। ਨਵਾਬ ਫਿਰ ਸ਼ਾਹੀ ਜਲਾਓ ਵਿਚ ਆ ਗਿਆ ਅਤੇ ਮਾਸੂਮ ਬੱਚਿਆਂ ਤੇ ਹਕੂਮਤ ਦੇ ਬਾਗ਼ੀ ਹੋਣ ਦਾ ਇਲਜ਼ਾਮ ਲਗਾ ਕੇ ਕਤਲ ਦਾ ਫੈਸਲਾ ਕੀਤਾ।

ਕਾਜੀ ਨੇ ਨਵਾਬ ਦੇ ਕਹਿਣ ਤੇ ਮਾਸੂਮ ਨਿਰਦੋਸ਼ ਬੱਚਿਆਂ ਨੂੰ ਨੀਂਹਾਂ ਵਿਚ ਜਿੰਦਾ ਚਿਣਨ ਦਾ ਹੁਕਮ ਸੁਣਾ ਦਿੱਤਾ। ਸਾਹਿਬਜ਼ਾਦਿਆਂ ਨੂੰ ਨੀਂਹਾਂ ਵਿਚ ਚਿਣ ਕੇ ਸ਼ਹੀਦ ਕਰ ਦਿੱਤਾ ਗਿਆ। ਮਾਤਾ ਜੀ ਨੇ ਵੀ ਇਹ ਖ਼ਬਰ ਸੁਣ ਕੇ ਸਰੀਰ ਤਿਆਗ ਦਿੱਤਾ। ਦੀਵਾਨ ਟੋਡਰ ਮਲ, ਜਿਸ ਨੇ ਸਾਹਿਬਜ਼ਾਦਿਆਂ ਅਤੇ ਮਾਤਾ ਗੁਜਰੀ ਦਾ ਭਾਰੀ ਰਕਮ ਦੇ ਕੇ ਸਸਕਾਰ ਕੀਤਾ।

ਦਸ਼ਮੇਸ਼ ਪਿਤਾ ਦੇ ਜੋਤੀ ਜੋਤਿ ਸਮਾਉਣ ਤੋਂ ਕੇਵਲ ਦੋ ਸਾਲ ਪਿਛੋਂ ਮਈ 1710 ਈ. ਨੂੰ ਸਰਹਿੰਦ ਨੂੰ ਫਤਹਿ ਕੀਤਾ। ਵਜ਼ੀਰ ਖਾਂ, ਸੁੱਚਾ ਨੰਦ ਅਤੇ ਹੋਰ ਜ਼ਾਲਮ ਦਰਬਾਰੀਆਂ ਨੂੰ ਉਨ੍ਹਾਂ ਦੀ ਕੀਤੀ ਦਾ ਫਲ ਮਿਲਿਆ।

ਮਨੁੱਖਤਾ ਦੇ ਇਤਿਹਾਸ ਵਿਚ ਸਾਹਿਬਜ਼ਾਦਿਆਂ ਦੀ ਸ਼ਹਾਦਤ ਬੇਮਿਸਾਲ ਹੈ।

● ● ●


# ਬਾਬਾ ਮੱਖਣ ਸ਼ਾਹ ਲੁਬਾਣਾ ਫਾਊਂਡੇਸ਼ਨ (ਰਜਿ.),

## ਸੈਕਟਰ 30-ਏ, ਚੰਡੀਗੜ੍ਹ ਦੀ ਸਮੂਹ ਮੈਨੇਜਮੈਂਟ

**ਵੱਲੋਂ**

# ਸਾਹਿਬਜ਼ਾਦਿਆਂ ਦੀ ਅਦੁੱਤੀ ਸ਼ਹਾਦਤ ਨੂੰ ਕੋਟਿਨ-ਕੋਟਿ ਪ੍ਰਣਾਮ !



**ਸ. ਹਰਭਜਨ ਸਿੰਘ**
**ਪ੍ਰਧਾਨ**

# ਨਵੰਬਰ ਮਹੀਨੇ ਦੀਆਂ ਗਤੀਵਿਧੀਆਂ ਦੀ ਰਿਪੋਰਟ



ਗੁਰਚਰਨ ਸਿੰਘ
ਸੀਨੀਅਰ ਵਾਇਸ ਪ੍ਰਧਾਨ
(ਹੈੱਡ ਕੁਆਰਟਰ)

## ਬਾਬਾ ਮੱਖਣ ਸ਼ਾਹ ਲੁਬਾਣਾ ਫ਼ਾਊਂਡੇਸ਼ਨ (ਰਜਿ:)
## ਸੈਕਟਰ 30-ਏ, ਚੰਡੀਗੜ੍ਹ

ਪਰਮ ਸਤਿਕਾਰਯੋਗ ਮੈਂਬਰ ਸਾਹਿਬਾਨ ਜੀਓ,

।। ਵਾਹਿਗੁਰੂ ਜੀ ਕਾ ਖਾਲਸਾ।।

।। ਵਾਹਿਗੁਰੂ ਜੀ ਕੀ ਫਤਹਿ।।

1. **ਫਾਊਂਡੇਸ਼ਨ ਦੀ ਆਮਦਨ ਅਤੇ ਖਰਚੇ ਦਾ ਵੇਰਵਾ** - ਪਿਛਲੇ ਰਿਪੋਰਟ ਦੀ ਲਗਾਤਾਰਤਾ ਵਿੱਚ ਨਵੰਬਰ 2023 ਮਹੀਨੇ ਸੰਬੰਧੀ ਫਾਊਂਡੇਸ਼ਨ ਦੇ ਆਮਦਨ ਤੇ ਖਰਚੇ ਦਾ ਕੁੱਲ ਵੇਰਵਾ ਜੋ ਕਿ ਵਿੱਤ ਸਕੱਤਰ ਵਲੋਂ ਤਿਆਰ ਕੀਤਾ ਗਿਆ ਹੈ, ਹੇਠ ਲਿਖੇ ਮੁਤਾਬਿਕ ਹੈ:-

ਨਵੰਬਰ ਮਹੀਨੇ ਦੀ ਕੁੱਲ ਆਮਦਨ (ਰੁਪਏ) - 771372/-

ਨਵੰਬਰ ਮਹੀਨੇ ਦਾ ਕੁੱਲ ਖਰਚ (ਰੁਪਏ) - 291881/-

2. **ਨਵੰਬਰ ਮਹੀਨੇ ਦੀ ਸੰਗਰਾਂਦ ਬਾਰੇ** - ਬਾਬਾ ਮੱਖਣ ਸ਼ਾਹ ਲੁਬਾਣਾ ਭਵਨ ਦੇ ਗੁਰੂ ਘਰ ਵਿਖੇ ਸੰਗਰਾਂਦ ਦਾ ਦਿਹਾੜਾ ਸ਼ਰਧਾਪੂਰਵਕ ਮਨਾਇਆ ਗਿਆ ।

3. **ਡੈਂਟਲ ਕਲੀਨਿਕ ਦੀ ਰਿਪੋਰਟ** - ਡੈਂਟਲ ਕਲੀਨਿਕ ਦੀ ਰਿਪੋਰਟ ਦੇ ਅਨੁਸਾਰ ਡੈਂਟਲ ਕਲੀਨਿਕ ਦਾ ਕੰਮ ਤਸੱਲੀਬਖ਼ਸ਼ ਚੱਲ ਰਿਹਾ ਹੈ। ਇਸ ਮਹੀਨੇ 20 ਮਰੀਜ਼ਾਂ ਦੀ ਡੈਂਟਲ ਚੈੱਕਅਪ ਅਤੇ ਇਲਾਜ ਕੀਤਾ ਗਿਆ।

4. **ਭਾਈ ਮਨੀ ਸਿੰਘ ਬਲਾਕ ਦੀ ਫ਼ਾਇਰ ਫ਼ਾਈਟਿੰਗ ਦੀ ਐਨ.ਓ.ਸੀ. ਬਾਰੇ** - ਇੰਜ: ਹਰਦੇਵ ਸਿੰਘ, ਸੀ: ਮੈਂਟੀ. ਸਕੱਤਰ ਵੱਲੋਂ ਐਨ.ਓ.ਸੀ. ਪ੍ਰਾਪਤ ਕਰਨ ਦੀਆਂ ਕੋਸ਼ਿਸ਼ਾਂ ਜਾਰੀ ਹਨ।

5. **ਜ਼ਰੂਰਤ ਅਤੇ ਹੋਣਹਾਰ ਬੱਚਿਆ ਨੂੰ ਵਜੀਫ਼ੇ ਦੇਣ ਸੰਬੰਧੀ** - ਅਗਸਤ, ਸਤੰਬਰ, ਅਕਤੂਬਰ ਅਤੇ ਨਵੰਬਰ ਮਹੀਨੇ ਦੇ ਲੁਬਾਣਾ ਸੇਵਕ ਮੈਗਜ਼ੀਨ ਵਿੱਚ ਬਿਨੇ ਪੱਤਰ ਫ਼ਾਰਮ ਪ੍ਰਕਾਸ਼ਿਤ ਕੀਤੇ ਗਏ ਸਨ ਅਤੇ ਇਸ ਦੀ ਅਰਜੀਆਂ ਆਉਣ ਦੀ ਮਿਤੀ 30-11-2023 ਰੱਖੀ ਗਈ ਸੀ। ਹੁਣ ਅਜੇ ਵੀ ਅਰਜੀਆਂ ਬਹੁਤੀਆਂ ਪ੍ਰਾਪਤ ਨਹੀ ਹੋਈਆਂ ਇਸ ਵੇਲੇ ਤਕਰੀਬਨ 21 ਬਿਨੇ ਪੱਤਰ ਪ੍ਰਾਪਤ ਹੋਏ ਹਨ ਇਸ ਲਈ ਅਰਜੀਆਂ ਲੈਣ ਦੀ ਮਿਤੀ 31-12-2023 ਪ੍ਰਧਾਨ ਜੀ ਦੀ ਮੰਜੂਰੀ ਨਾਲ ਕਰ ਦਿੱਤੀ ਗਈ ਹੈ।

6. **ਬਾਬਾ ਮੱਖਣ ਸ਼ਾਹ ਲੁਬਾਣਾ ਫਾਊਂਡੇਸ਼ਨ ਦੀ ਮੁਰੰਮਤ ਬਾਰੇ** - ਸੂਬੇਦਾਰ ਮੇਜਰ ਜਸਪਾਲ ਸਿੰਘ ਮੈਂਟੀ. ਸਕੱਤਰ ਜ਼ਰੂਰੀ ਲੋੜੀਂਦੀਆਂ ਭਵਨ ਵਿਖੇ ਮੁਰੰਮਤ ਅਤੇ ਸਾਂਭ-ਸੰਭਾਲ ਦਾ ਕੰਮ ਦੇਖ ਕੇ ਕਰ ਰਹੇ ਹਨ।

7. **ਮਨੀਸ਼ ਕੁਮਾਰ ਗਬਨ ਕੇਸ ਬਾਰੇ** - ਇਸ ਕੇਸ ਦੀ ਲਗਾਤਾਰਤਾ ਵਿੱਚ ਇਹ ਲਿਖਿਆ ਜਾਂਦਾ ਹੈ ਕਿ ਗਬਨ ਦੀ ਕੁੱਲ ਰਾਸ਼ੀ 1,19,000/-ਰੁਪਏ ਬਾਰੇ ਐਫ.ਆਰ.ਆਈ. ਦਰਜ ਹੋ ਚੁੱਕੀ ਹੈ ਅਤੇ ਸ੍ਰ: ਜਗਜੀਤ ਸਿੰਘ ਭਗਤਾਨਾ, ਐਸ.ਐਸ.ਪੀ. (ਰਿਟਾ.) ਸੀ: ਮੀਤ ਪ੍ਰਧਾਨ, ਪੰਜਾਬ ਦੀ ਅਗਵਾਈ ਵਿੱਚ ਅਗਲੇਰੀ ਕਾਰਵਾਈ ਲਈ ਯਤਨ ਜਾਰੀ ਹਨ।

8. **ਭਾਈ ਲੱਖੀ ਸ਼ਾਹ ਬਲਾਕ ਦੀ ਉਸਾਰੀ ਸੰਬੰਧੀ** - ਪਿਛਲੇ ਅੰਕ ਅਕਤੂਬਰ 2023 ਦੀ ਲਗਾਤਾਰਤਾ ਵਿੱਚ ਦੱਸਿਆ ਜਾਂਦਾ ਹੈ ਕਿ ਉਸਾਰੀ ਸਬ-ਕਮੇਟੀ ਵਲੋਂ ਅਗਲੇਰੀ ਕਾਰਵਾਈ ਕਰਦੇ ਹੋਏ ਮਿਤੀ 03-12-2023 ਨੂੰ ਪਾਠ ਅਤੇ ਅਰਦਾਸ ਉਪਰੰਤ ਨਵੀਂ ਭਾਈ ਲੱਖੀ ਸ਼ਾਹ ਬਿਲਡਿੰਗ ਦੀ ਉਸਾਰੀ ਦੇ ਸੰਬੰਧ ਵਿਚ ਵੇਰਵੇ ਸਹਿਤ ਤਿਆਰੀ ਕਰਦੇ ਹੋਏ ਅਤੇ ਸਾਰੇ ਪੱਖਾਂ ਨੂੰ ਘੋਖਦੇ ਹੋਏ ਟੈਂਡਰ ਪ੍ਰਾਪਤ ਹੋਣ

ਉਪਰੰਤ ਉਸ ਦੀ ਅਗਲੇਰੀ ਕਾਰਵਾਈ ਕਰਦੇ ਹੋਏ ਵਿਸ਼ੇਸ਼ ਤੌਰ ’ਤੇ ਸਾਰੇ ਮਾਪਦੰਡਾਂ ਅਤੇ ਉਸਾਰੀ ਨਿਯਮਾਂ ਨੂੰ ਮਦੇਨਜ਼ਰ ਰੱਖਦੇ ਹੋਏ ਵਿਚਾਰ ਚਰਚਾ ਕੀਤੀ ਗਈ ਅਤੇ ਨਵੀਂ ਉਸਾਰੀ ਕੰਮ ਨੂੰ ਅੱਗੇ ਵਧਾਉਣ ਵਿਚ ਸਰਵਸੰਮਤੀ ਨਾਲ ਤਕਰੀਬਨ ਅੰਤਲੇ ਕਦਮ ਤੇ ਪਹੁੰਚ ਚੁੱਕੇ ਹਾਂ। ਉਮੀਦ ਕੀਤੀ ਜਾਂਦੀ ਹੈ ਕਿ ਵਾਹਿਗੁਰੂ ਦੀ ਅਪਾਰ ਬਖਸ਼ਿਸ਼ ਸਦਕਾ **“ਨਾਨਕ ਨਾਮਿ ਧਿਆਇਐ, ਕਾਰਜ ਆਵੈ ਰਾਸਿ”॥** ਦਾ ਉਸਾਰੀ ਦਾ ਕੰਮ ਛੇਤੀ ਸ਼ੁਰੂ ਕੀਤਾ ਜਾਵੇਗਾ। ਸਾਰੇ ਸਮੂਹ ਮੈਂਬਰਾਂ ਅਤੇ ਬਿਰਾਦਰੀ ਦੇ ਸੱਜਣਾਂ ਵੱਲੋਂ ਗੁਰੂ ਤੇਗ ਬਹਾਦਰ ਸਾਹਿਬ ਜੀ ਅਤੇ ਬਾਬਾ ਮੱਖਣ ਸ਼ਾਹ ਲੁਬਾਣਾ ਜੀ ਦੀ ਨਿੱਘੀ ਮਿੱਠੀ ਯਾਦ ਨੂੰ ਸਮਰਪਿਤ ਇਹ ਕਾਰਜ ਸੰਗਤਾਂ ਤਹਿ ਦਿਲੋਂ ਪੂਰਨ ਸਹਿਯੋਗ ਤਨ, ਮਨ ਅਤੇ ਧਨ ਨਾਲ ਕਰਨਗੀਆਂ। ਇਹ ਅਪੀਲ ਪ੍ਰਧਾਨ ਇੰਜ. ਹਰਭਜਨ ਸਿੰਘ ਸਾਬਕਾ ਡਿਪਟੀ ਚੀਫ਼ ਇੰਜ. ਵੱਲੋਂ ਵੀ ਵਿਸ਼ੇਸ਼ ਤੌਰ ’ਤੇ ਸਮੂਹ ਸੰਗਤਾਂ ਨੂੰ ਕੀਤੀ ਜਾਂਦੀ ਹੈ।

**9. ਫਾਊਂਡੇਸ਼ਨ ਦੀ ਵਿੱਤ ਕਮੇਟੀ ਦੀ ਰਿਪੋਰਟ (01-11-2021 ਤੋਂ 30-09-2023) -** ਵਿੱਤ ਕਮੇਟੀ ਦੀ ਮੀਟਿੰਗ 08-11-2023 ਨੂੰ ਠੀਕ 11.30 ਵਜੇ ਕਾਨਫਰੰਸ ਰੂਮ ਬਾਬਾ ਮੱਖਣ ਸ਼ਾਹ ਲੁਬਾਣਾ ਭਵਨ ਵਿਖੇ ਲੈਕਚਰਾਰ ਗੁਲਸ਼ਨ ਕੁਮਾਰ ਸਿੰਘ, ਵਿੱਤ ਸਕੱਤਰ ਅਤੇ ਕਨਵੀਨਰ ਵਿੱਤ ਕਮੇਟੀ, ਪ੍ਰਧਾਨ ਜੀ ਇੰਜ. ਹਰਭਜਨ ਸਿੰਘ ਜੀ ਅਤੇ ਹੋਰ ਵਿੱਤ ਕਮੇਟੀ ਦੇ ਮੈਂਬਰਾਂ ਦੀ ਮੌਜੂਦਗੀ ਵਿਚ ਹੋਈ। ਵਿੱਤ ਕਮੇਟੀ ਦੀ ਮੀਟਿੰਗ ਵਿਚ ਮਿਤੀ 01-11-2021 ਤੋਂ 30-09-2023 ਤੱਕ ਦੇ ਆਮਦਨ ਅਤੇ ਖਰਚਿਆਂ ਬਾਰੇ ਵੇਰਵੇ ਸਹਿਤ ਚਰਚਾ ਉਪਰੰਤ ਮਨਜ਼ੂਰੀ ਦਿੱਤੀ ਗਈ। ਇਸ ਤੋਂ ਇਲਾਵਾ ਵਿੱਤ ਸਕੱਤਰ ਵੱਲੋਂ ਮੌਜੂਦਾ ਫਾਊਂਡੇਸ਼ਨ ਦੀ ਵਿੱਤੀ ਸਥਿਤੀ ਬਾਰੇ ਜੋ ਕਿ ਮਿਤੀ 30-09-2023 ਤੱਕ ਉਪਲਬਧ ਸੀ ਉਸ ਬਾਰੇ ਵੇਰਵੇ ਸਹਿਤ ਦੱਸਿਆ ਗਿਆ ਅਤੇ ਮਨਜ਼ੂਰੀ ਲਈ ਗਈ।

ਵਿੱਤ ਕਮੇਟੀ ਵੱਲੋਂ ਹਰ ਸਾਲ ਦੀ ਤਰ੍ਹਾਂ ਭਵਨ ਵਿਖੇ ਆਨਰੇਰੀ ਸਟਾਫ਼ ਜੋ ਕੰਮ ਕਰ ਰਹੇ ਹਨ ਉਹਨਾਂ ਨੂੰ ਮਹੀਨਾਵਾਰ ਤਨਖਾਹ ਵਿਚ 10% ਤਕਰੀਬਨ ਵਾਧਾ ਕੀਤਾ ਗਿਆ ਅਤੇ ਨਾਲ ਹੀ 1100/- ਰੁਪਏ ਦਾ ਇਕ ਯਕਤ ਦੀਵਾਲੀ ਤੋਹਫ਼ੇ ਵਜੋਂ ਦੇਣ ਦੀ ਮਨਜ਼ੂਰੀ ਕਮੇਟੀ ਵੱਲੋਂ ਦਿੱਤੀ ਗਈ। ਕੁਝ ਕੁ ਆਨਰੇਰੀ ਸਟਾਫ਼ ਨੂੰ ਯਾਤਰਾ ਭੱਤਾ ਆਦਿ ਦੀ ਮਨਜ਼ੂਰੀ ਵੀ ਦਿੱਤੀ ਗਈ।

ਗੁਰੂ ਘਰ, ਭਵਨ ਨਾਲ ਸੰਬੰਧਿਤ ਖਰਚੇ ਅਤੇ ਆਮਦਨ ਦੇ ਵੇਰਵੇ ਬਾਰੇ ਚਰਚਾ ਕੀਤੀ ਗਈ ਜਿਸ ਵਿਚ ਸੰਗਰਾਂਦ ਮੌਕੇ ਕੀਰਤਨੀ ਜਥੇ ਅਤੇ ਉਹਨਾਂ ਦੇ ਸੇਵਾਦਾਰਾਂ ਨੂੰ ਭੇਟਾ ਜੋ ਕਿ 2100/- ਰੁਪਏ ਅਤੇ 300/- ਰੁਪਏ ਜੋ ਪਹਿਲਾਂ ਸੀ, ਉਹ ਹੀ ਰੱਖਣ ਦੀ ਸਹਿਮਤੀ ਦਿੱਤੀ ਗਈ। ਅਖੰਡ ਪਾਠ ਸਾਹਿਬ, ਸਹਿਜ ਪਾਠ ਸਾਹਿਬ ਅਤੇ ਸੁਖਮਨੀ ਸਾਹਿਬ ਦੀ ਜੋ ਭੇਟਾ ਪਹਿਲਾ ਨਿਯਤ ਕੀਤੀ ਹੋਈ ਹੈ ਜੋ ਕਿ 2100/-, 2100/- ਅਤੇ 1100/- ਰੁਪਏ ਕ੍ਰਮਵਾਰ ਸੀ ਉਸ ਨੂੰ ਵਿੱਤ ਕਮੇਟੀ ਵੱਲੋਂ 3100/- ਰੁਪਏ, 2100/- ਰੁਪਏ ਅਤੇ 1100/- ਰੁਪਏ ਦੀ ਸਹਿਮਤੀ ਅਤੇ ਮਨਜ਼ੂਰੀ ਦਿੱਤੀ ਗਈ।

ਭਵਨ ਵਿਖੇ ਮੈਂਬਰ ਸਾਹਿਬਾਨਾਂ ਅਤੇ ਹੋਰ ਸਨਮਾਨਯੋਗ ਸੰਗਤਾਂ ਲਈ ਆਡਿਟੋਰੀਅਮ, ਮੇਨ ਹਾਲ, ਲੈਕਚਰ ਹਾਲ, ਮਿੰਨੀ ਹਾਲ ਅਤੇ ਰਸੋਈਆਂ ਵਗੈਰਾ ਦੇ ਜੋ ਰੇਟ ਸਨ ਉਹਨਾਂ ਬਾਰੇ ਵਿਚਾਰ ਚਰਚਾ ਕੀਤੀ ਗਈ ਜਿਸ ਵਿਚ ਆਡਿਟੋਰੀਅਮ ਪਹਿਲਾਂ 21000/- ਰੁਪਏ ਤੋਂ ਵਧਾ ਕੇ 25000/-, ਮੇਨ ਹਾਲ 33000 ਤੋਂ ਵਧਾ ਕੇ 34,000 ਕੀਤਾ ਗਿਆ। ਬੇਸਮੇਂਟ ਦਾ 9900 ਤੋਂ 11000, ਬਾਹਰਲੀ ਗਰਾਊਂਡ ਦਾ 10000 ਤੋਂ 11000, ਮਿੰਨੀ ਹਾਲ, ਲੈਕਚਰ ਹਾਲ ਅਤੇ ਰਸੋਈਆਂ ਦਾ ਉਹੀ ਰੇਟ 13000 ਰੁਪਏ ਪਹਿਲਾਂ ਵਾਂਗ ਰੱਖਿਆ ਗਿਆ ਹੈ। ਰਸੋਈ ਲਈ ਵੱਡੇ ਫੰਕਸ਼ਨਾਂ ਵਾਸਤੇ 4000 ਰੁਪਏ ਰੇਟ ਹੀ ਰੱਖਿਆ ਗਿਆ ਪਰੰਤੂ ਬੁਕਿੰਗ ਵਾਲਿਆਂ ਦੇ ਸੁਝਾਵਾਂ ਨੂੰ ਮੁੱਖ ਰੱਖਦੇ ਹੋਏ ਮੈਨੇਜਮੈਂਟ ਰਸੋਈ ਦੇ ਰੇਟਾਂ ਵਿਚ ਘੱਟ ਇਕੱਠ ਹੋਣ ਦੀ ਸੂਰਤ ਵਿਚ ਰੇਟਾਂ ਵਿਚ ਸਮੇਂ-ਸਮੇਂ ਅਨੁਸਾਰ ਕਮੀ ਕੀਤੀ ਜਾ ਸਕਦੀ ਹੈ।

ਉਪਰੋਕਤ ਸਾਰੇ ਰੇਟ ਪੂਰੇ ਰੇਟ ਹਨ ਜਿਸ ਵਿਚ ਭਵਨ ਦੇ ਮੈਂਬਰਾਂ ਵਾਸਤੇ 50% ਦੀ ਰਿਆਇਤ ਦਿੱਤੀ ਜਾਂਦੀ ਹੈ, ਉਸ ਨੂੰ ਬਰਕਰਾਰ ਰੱਖਿਆ ਗਿਆ ਹੈ। ਲੁਬਾਣਾ ਬਰਾਦਰੀ ਨਾਲ ਸੰਬੰਧਿਤ ਜੋ ਵੀ ਲੋੜਵੰਦ ਸੱਜਣ ਚਾਹੁਣ ਉਨ੍ਹਾਂ ਨੂੰ 25% ਦੀ ਰਿਆਇਤ ਵੀ ਦਿੱਤੀ ਜਾ ਸਕਦੀ ਹੈ। ਉਪਰੋਕਤ ਰੇਟਾਂ ਤੋਂ ਇਲਾਵਾ ਏ.ਸੀ. ਦੀ ਵਰਤੋਂ ਵਾਸਤੇ ਅਤੇ ਸਫ਼ਾਈ ਵਾਸਤੇ ਲਾਧੂ ਰੇਟ ਪਹਿਲਾਂ ਦੀ ਤਰ੍ਹਾਂ ਲਾਗੂ ਰਹਿਣਗੇ। ਬਾਕੀ ਰਿਹਾਇਸ਼ੀ ਕਮਰਿਆਂ ਦੇ ਰੇਟਾਂ ਵਿਚ ਕੋਈ ਬਦਲਾਵ ਨਹੀਂ ਕੀਤਾ ਗਿਆ। ਸੋ ਪਹਿਲਾਂ ਵਾਲੇ ਰੇਟ ਹੀ ਲਾਗੂ ਰਹਿਣਗੇ। ਉਪਰੋਕਤ ਸਾਰੇ ਮੁੱਦਿਆਂ ਦੀ ਸਰਵ ਸੰਮਤੀ ਨਾਲ ਵਿੱਤ ਕਮੇਟੀ ਵੱਲੋਂ ਮਨਜ਼ੂਰੀ ਦਿੱਤੀ ਗਈ।

ਭਾਈ ਲੱਖੀ ਸ਼ਾਹ ਬਲਾਕ (ਭਾਗ-ਪਹਿਲਾ) ਦੀ ਨਵੀਂ ਉਸਾਰੀ ਬਾਬਤ ਐਸਟੀਮੇਂਟ (ਅਨੁਮਾਨਤ ਲਾਗਤ ਖਰਚਾ) ਜੋ ਕਿ ਉਸਾਰੀ ਸਬ ਕਮੇਟੀ ਨੇ ਆਰਕੀਟੈਕਟ ਅਤੇ ਸਟੱਰਕਚਰ ਇੰਜੀਨੀਅਰਾਂ ਦੇ ਸਹਿਯੋਗ ਨਾਲ ਬਣਾਇਆ ਹੈ, ਉਸ ਦੀ ਰਾਸ਼ੀ 1,18,42,866 ਰੁਪਏ 53

ਪੈਸੇ ਜਮ੍ਹਾਂ ਜੀ.ਐਸ.ਟੀ. 21,32,715 ਰੁਪਏ 97 ਪੈਸੇ (18%) ਬਰਾਬਰ ਕੁੱਲ ਜੋੜ 1,39,74,582.50 ਪੈਸੇ ਬਣਦੀ ਹੈ। ਜਿਸ ਦੀ ਮਨਜ਼ੂਰੀ ਵਿੱਤ ਕਮੇਟੀ ਵੱਲੋਂ ਸਰਬ ਸੰਮਤੀ ਨਾਲ ਦਿੱਤੀ ਗਈ ਹੈ।

ਆਰਜੀ ਤੌਰ ਤੇ ਏ.ਸੀ. ਪਲਾਂਟ ਦੀ ਮੁਰੰਮਤ ਜੋ ਕਿ ਖਾਸ ਤੌਰ ਤੇ ਕੀਤੀ ਗਈ ਸੀ, ਉਸ ਦੇ ਕੁੱਲ ਖਰਚੇ 1,73,120 ਰੁਪਏ ਦੀ ਮਨਜ਼ੂਰੀ ਵਿੱਤ ਕਮੇਟੀ ਵੱਲੋਂ ਜਾਣਕਾਰੀ ਹਾਸਲ ਕਰਕੇ ਸਰਬ ਸੰਮਤੀ ਨਾਲ ਦਿੱਤੀ ਗਈ।

ਬਾਕੀ ਜੋ ਖਰਚੇ ਰਿਪੇਅਰ ਅਤੇ ਰੱਖ ਰਖਾਵ ਲਈ ਵਿੱਤੀ ਰਿਪੋਰਟ ਵਿਚ ਪੇਸ਼ ਕੀਤੇ ਗਏ ਜੋ ਕਿ ਸਲਾਨਾ ਅਤੇ ਕੁਲ ਸਮੇਂ ਦੀ ਡਿਟੇਲ ਦਿੱਤੀ ਗਈ। ਸਰਬ ਸੰਮਤੀ ਨਾਲ ਮਨਜ਼ੂਰੀ ਦਿੱਤੀ ਗਈ।

ਹੋਰ ਕੋਈ ਮੁੱਦਾ ਨਾ ਹੋਣ ਕਰਕੇ ਪ੍ਰਧਾਨ ਜੀ ਦਾ ਧੰਨਵਾਦ ਕਰਦੇ ਹੋਏ ਮੀਟਿੰਗ ਦੀ ਸਮਾਪਤੀ ਕੀਤੀ ਗਈ।

**ਨੋਟ - ਸੋਧ - ਲਿਖਿਆ ਜਾਂਦਾ ਹੈ ਕਿ ਪਿਛਲੇ ਦੋ ਅੰਕਾਂ ਵਿਚ ਜਾਣੇ-ਅਨਜਾਣੇ ਕਰਕੇ ਸ੍ਰੀ ਰਾਜਿੰਦਰ ਕੁਮਾਰ ਜਾਂ ਗਜਿੰਦਰ ਕੁਮਾਰ ਗਲਤੀ ਨਾਲ ਛਪ ਗਿਆ ਸੀ ਜਦੋਂ ਕਿ ਅਸਲ ਵਿਚ ਉਨ੍ਹਾਂ ਦਾ ਸਹੀ ਨਾਮ ਸ੍ਰੀ ਰਜਿੰਦਰ ਸਿੰਘ ਜੀ ਹੈ। ਸਾਡੇ ਸਤਿਕਾਰਯੋਗ ਸ੍ਰੀ ਰਜਿੰਦਰ ਸਿੰਘ ਜੀ ਕਾਰਜਕਾਰੀ ਮੈਂਬਰ ਹਨ। ਸਮੇਂ-ਸਮੇਂ ਅਨੁਸਾਰ ਉਹ ਫਾਊਂਡੇਸ਼ਨ ਨੂੰ ਆਪਣਾ ਯੋਗਦਾਨ ਦਿੰਦੇ ਰਹਿੰਦੇ ਹਨ। ਖਾਸ ਤੌਰ 'ਤੇ ਉਹ ਭਵਨ ਵਿਖੇ ਫਾਇਰ ਫਾਇਟਿੰਗ ਦੇ ਕੰਮ ਨਾਲ ਵੀ ਜੁੜੇ ਹੋਏ ਹਨ ਜੋ ਕਿ ਇੰਜ. ਹਰਦੇਵ ਸਿੰਘ ਜੀ, ਸੀ. ਮੈਂਟੀ. ਇੰਜ., ਜੀ.ਐਮ. (ਰਿਟਾ.) ਨਾਲ ਇਹ ਕਾਰਜ ਕਰਦੇ ਹਨ।**

● ● ●




**ਬਾਬਾ ਮੱਖਣ ਸ਼ਾਹ ਲੁਬਾਣਾ ਭਵਨ ਸੈਕਟਰ-30-ਏ, ਚੰਡੀਗੜ੍ਹ ਵਿਖੇ**

# ਕਮਰਿਆਂ ਦੀ ਬੁਕਿੰਗ

**ਲਈ ਹੇਠ ਲਿਖੇ ਮੋਬਾਇਲ ਨੰਬਰ 'ਤੇ ਸੰਪਰਕ ਕਰੋ।**

**ਮੋਬਾਇਲ ਨੰ:-73470-65188**

# ਜੀਵਨ ਵਿਕਾਸ - ਇਕ ਸੰਘਰਸ਼

ਵਰਿਆਮ ਸਿੰਘ ਪੀ.ਈ.ਐਸ. (1) ਪ੍ਰਿੰਸੀਪਲ (ਰਿਟਾ.)

## ਸਮੁੱਚੇ ਬਰਾਦਰੀ ਹਾਲਾਤ ਤੇ ਇਕ ਝਾਤ

ਉਚੇਰੀ ਸਿੱਖਿਆ ਵੱਲ ਤਾਂ ਬਹੁਤ ਘੱਟ ਧਿਆਨ ਦਿੱਤਾ ਜਾਂਦਾ ਸੀ। ਜਨਵਰੀ 1952 ਵਿੱਚ ਰੰਧੀਰ ਗੌਰਮਿੰਟ ਕਾਲਜ, ਕਪੂਰਥਲਾ ਵਿਖੇ ਕੇਵਲ ਦੋ ਲੁਬਾਣਾ ਵਿਦਿਆਰਥੀ ਡਿਗਰੀ ਕਲਾਸਾਂ ਵਿੱਚ ਪੜ੍ਹ ਰਹੇ ਸਨ। ਇਹ ਪਾਕਿਸਤਾਨ ਤੋਂ ਆਏ ਪੁਲਿਸ ਇੰਸਪੈਕਟਰ ਸ. ਇੰਦਰ ਸਿੰਘ ਦੇ ਬੇਟੇ ਅਵਤਾਰ ਸਿੰਘ ਲੁਬਾਣਾ ਅਤੇ ਗੁਰਮੀਤ ਸਿੰਘ ਲੁਬਾਣਾ ਸਨ। ਜੋ ਬਾਅਦ ਵਿੱਚ ਬੜੇ ਆਲਾ ਪਾਏ ਦੀਆਂ ਆਸਾਮੀਆਂ ਤੇ ਸਰਵਿਸ ਕਰਦੇ ਰਹੇ। ਮੈਨੂੰ ਯਾਦ ਹੈ ਕਿ ਜਨਵਰੀ 1954 ਵਿੱਚ ਭਾਰਤ ਸਰਕਾਰ ਵੱਲੋਂ ਨੀਯਤ ਕੀਤੇ ਬੈਕਵਰਡ ਕਲਾਸਿਜ਼ ਕਮਿਸ਼ਨ ਨੂੰ ਕਪੂਰਥਲਾ ਵਿਖੇ ਦਿੱਤੇ ਮੈਮੋਰੈਂਡਮ ਵਿੱਚ ਲਿਖਿਆ ਸੀ ਕਿ ਪੈਪਸੂ ਦੀ ਲੁਬਾਣਾ ਬਰਾਦਰੀ ਵਿੱਚ ਉਸ ਵੇਲੇ ਇਕ ਐਮ.ਐਸ.ਸੀ., ਬੀ.ਟੀ., ਇਕ ਐਮ.ਏ. ਅਤੇ ਪੰਜ ਗਰੈਜੂਏਟ ਸਨ।

**ਲੁਬਾਣਾ ਯੰਗਮੈਨ ਐਸੋਸੀਏਸ਼ਨ ਦੀ ਮੁੜ ਸਥਾਪਨਾ :** ਇਹ ਐਸੋਸੀਏਸ਼ਨ 1944 ਵਿੱਚ ਸਿੱਖ ਨੈਸ਼ਨਲ ਕਾਲਜ, ਲਾਹੌਰ ਵਿਖੇ ਸ਼ੁਰੂ ਕੀਤੀ ਗਈ ਸੀ। ਕਾਲਜ ਵਿਦਿਆਰਥੀ ਇਸ ਦੇ ਜ਼ਿਆਦਾ ਮੈਂਬਰ ਸਨ। ਉਸ ਵੇਲੇ ਸੰਤ ਪ੍ਰੇਮ ਸਿੰਘ ਜੀ ਇਸ ਦੇ ਪ੍ਰਧਾਨ ਅਤੇ ਬਾਵਾ ਹਰਨਾਮ ਸਿੰਘ ਜਨਰਲ ਸੈਕਟਰੀ ਹੁੰਦੇ ਸਨ। ਦੇਸ਼ ਦੀ ਵੰਡ ਤੋਂ ਬਾਅਦ ਬਰਾਦਰੀ ਦੀ ਉਸ ਵੇਲੇ ਦੀ ਵਿੱਦਿਅਕ, ਸਮਾਜਿਕ ਅਤੇ ਆਰਥਿਕ ਦਿਸ਼ਾ ਬਾਰੇ ਗੰਭੀਰਤਾ ਨਾਲ ਸੋਚ ਵਿਚਾਰ ਕਰਨ ਲਈ ਇਹ ਐਸੋਸੀਏਸ਼ਨ 1952 ਵਿੱਚ ਕਪੂਰਥਲਾ ਵਿਖੇ ਮੁੜ ਤੋਂ ਸੁਰਜੀਤ ਕੀਤੀ ਗਈ। ਦਾਸ ਨੂੰ ਇਸ ਸੰਸਥਾ ਦੀ ਮੁਖ ਸੇਵਾਦਾਰੀ ਅਤੇ ਸ. ਅਵਤਾਰ ਸਿੰਘ ਲੁਬਾਣਾ ਨੂੰ ਜਨਰਲ ਸੈਕਟਰੀ ਦੀ ਸੇਵਾ ਸੌਂਪੀ ਗਈ। ਇਸ ਐਸੋਸੀਏਸ਼ਨ ਦਾ ਕਿਸੇ ਰਾਜਨੀਤਕ ਪਾਰਟੀ ਨਾਲ ਕੋਈ ਸੰਬੰਧ ਨਹੀਂ ਸੀ। ਵਿਦਿਅਕ ਘਾਟ ਨੂੰ ਦੂਰ ਕਰਨ ਲਈ ਬਰਾਦਰੀ ਦੇ ਪੜ੍ਹਨਯੋਗ ਅਵੱਸਥਾ ਦੇ ਬੱਚਿਆਂ ਨੂੰ ਸਕੂਲ ਭੇਜਣ ਲਈ ਜਾਗਰੂਕਤਾ ਪੈਦਾ ਕਰਨੀ, ਉਚੇਰੀ ਸਿੱਖਿਆ ਲਈ ਵਿਦਿਆਰਥੀਆਂ ਨੂੰ ਪ੍ਰੇਰਤ ਕਰਕੇ ਕਾਲਜ ਵਿੱਚ ਦਾਖਲੇ ਲਈ ਯੋਗ ਅਗਵਾਈ ਕਰਨੀ, ਗਰੀਬ ਤੇ ਲਾਇਕ ਵਿਦਿਆਰਥੀਆਂ ਦੀ ਮਾਇਕ ਸਹਾਇਤਾ ਕਰਨੀ ਅਤੇ ਇਸਤਰੀ ਵਿਦਿਆ ਵਲ ਵਿਸ਼ੇਸ਼ ਧਿਆਨ ਦੇਣ ਲਈ ਪ੍ਰਚਾਰ ਕਰਨਾ ਇਸ ਐਸੋਸੀਏਸ਼ਨ ਦੇ ਉਦੇਸ਼ਾਂ ਵਿੱਚ ਸ਼ਾਮਿਲ ਸਨ। ਉਸ ਸਮੇਂ ਤੋਂ ਸ. ਅਵਤਾਰ ਸਿੰਘ ਨੂੰ ਐਸੀ ਲਗਨ ਲੱਗੀ ਕਿ ਆਪਣੀ ਪੜ੍ਹਾਈ, ਉਪ੍ਰੰਤ ਆਲਾ ਪਾਏ ਦੀ ਸਰਵਿਸ ਅਤੇ ਪਰਿਵਾਰ ਪ੍ਰਤੀ ਜ਼ਿੰਮੇਵਾਰੀਆਂ ਨੂੰ ਬਾਖੂਬੀ ਨਿਭਾਉਂਦੇ ਹੋਏ ਉਨ੍ਹਾਂ ਬਰਾਦਰੀ ਦੀ ਨਿਸ਼ਕਾਮ ਸੇਵਾ ਪ੍ਰਤੀ ਆਪਣਾ ਸਾਰਾ ਜੀਵਨ ਸਮਰਪਿਤ ਕਰਨ ਲਈ ਸੰਕਲਪ ਲਿਆ ਹੋਇਆ ਸੀ। ਉਸ ਵਕਤ ਕਪੂਰਥਲਾ ਦਾ ਇਹ ਇਲਾਕਾ ਬਰਾਦਰੀ ਦਾ ਗੜ੍ਹ ਮੰਨਿਆ ਜਾਂਦਾ ਸੀ। ਹੌਲੀ ਹੌਲੀ ਅਸੀਂ ਕਪੂਰਥਲਾ ਸ਼ਹਿਰ ਅਤੇ ਜ਼ਿਲ੍ਹੇ ਦੇ ਲੁਬਾਣਾ ਭਾਈਚਾਰੇ ਦੇ ਮੈਂਬਰਾਂ ਨੂੰ ਮਿਲਦੇ ਰਹੇ ਅਤੇ ਇਸ ਸੰਸਥਾ ਦੀ ਮੈਂਬਰਸ਼ਿਪ ਵੱਧਦੀ ਗਈ।

**ਵਿੱਦਿਅਕ ਵਜ਼ੀਫੇ:** ਆਪਣੇ ਉਦੇਸ਼ਾਂ ਨੂੰ ਅਮਲੀ ਰੂਪ ਦੇਣ ਲਈ ਸਕੂਲਾਂ ਦੇ ਲਾਇਕ ਅਤੇ ਯੋਗ ਵਿਦਿਆਰਥੀਆਂ ਨੂੰ ਵਜ਼ੀਫੇ ਦੇਣ ਦੀ ਸਕੀਮ 1953 ਦੇ ਵਿੱਦਿਅਕ ਸੈਸ਼ਨ ਤੋਂ ਹੀ ਸ਼ੁਰੂ ਕਰ ਦਿੱਤੀ ਗਈ। ਜਨਰਲ ਸੈਕਟਰੀ ਦੇ 628 ਜੱਟਪੁਰਾ ਕਪੂਰਥਲਾ ਤੋਂ ਕੱਢੇ ਗਏ ਹੈਂਡ ਬਿਲ ਦੇ ਸਿਰਲੇਖ ਵਜੋਂ ਇਹ ਦੋ ਸਤਰਾਂ ਬੱਚਿਆਂ ਨੂੰ ਸਕੂਲ ਭੇਜਣ ਵਲ ਮਾਪਿਆਂ ਦਾ ਧਿਆਨ ਦਿਵਾਉਣ ਲਈ ਲਿਖੀਆਂ ਗਈਆਂ ਸਨ :-

**ਇਲਮੋਂ ਬਾਜ ਨਾ ਖਾਲਿਕ ਮਿਲਦਾ ਸੱਚ ਸਿਆਣੇ ਕਹਿੰਦੇ,**
**ਬੇ-ਇਲਮਾਂ ਨੂੰ ਕੋਈ ਨਾ ਪੁੱਛਦਾ ਦਰ ਦਰ ਧੱਕੇ ਪੈਂਦੇ।**

ਭੁਲੱਥ ਅਤੇ ਮੁਕੇਰੀਆਂ ਦੇ ਹਾਈ ਸਕੂਲਾਂ ਵਿੱਚ ਜਾ ਕੇ ਵਿਦਿਆਰਥੀਆਂ ਦੇ ਟੈਸਟ ਲਏ ਗਏ ਅਤੇ ਵਜ਼ੀਫੇ ਦਿੱਤੇ ਗਏ। ਉਨ੍ਹਾਂ ਦਿਨਾਂ ਵਿੱਚ ਇਸ ਮਾਇਕ ਸਹਾਇਤਾ ਦੀ ਰਾਸ਼ੀ ਪ੍ਰਾਇਮਰੀ, ਮਿਡਲ ਅਤੇ ਹਾਈ ਕਲਾਸਾਂ ਲਈ ਕੇਵਲ ਨਾਮ-ਮਾਤਰ ਦੋ, ਤਿੰਨ ਅਤੇ ਚਾਰ ਰੁਪਏ ਦੀ ਹੁੰਦੀ ਸੀ। ਪਰ ਇਸ ਸਕੀਮ ਨੂੰ ਭਰਵਾਂ ਹੁੰਗਾਰਾ ਮਿਲਿਆ ਅਤੇ ਸਿੱਖਿਆ ਦੇ ਪ੍ਰਸਾਰ ਲਈ ਲੋੜੀਂਦਾ ਪ੍ਰਚਾਰ ਹੋਇਆ ਅਤੇ ਇਹ ਸਕੀਮ ਕਈ ਸਾਲ ਚਲਦੀ ਰਹੀ।

**ਮੇਜਰ ਸ਼ਰਮ ਸਿੰਘ ਅਤੇ ਲੁਬਾਣਾ ਸੇਵਕ :** ਮੇਜਰ ਸਾਹਿਬ ਪਿੰਡ ਢਾਮਕੇ ਜ਼ਿਲ੍ਹਾ ਸ਼ੇਖੂਪੁਰ ਦੇ ਉੱਘੇ ਪਰਿਵਾਰ ਦੇ ਜੰਮ-ਪਲ ਸਨ ਜੋ 1923 ਵਿੱਚ 25 ਸਾਲ ਦੀ ਆਯੂ ਹੋਣ ਤੇ ਖਾਲਸਾ ਕਾਲਜ ਅੰਮ੍ਰਿਤਸਰ ਤੋਂ ਐਫ.ਏ. ਦਾ ਇਮਤਿਹਾਨ ਪਾਸ ਕਰਕੇ ਫੌਜ ਦੇ ਐਜੂਕੇਸ਼ਨ ਕੋਰ ਵਿੱਚ ਸਿੱਧੇ ਹੌਲਦਾਰ ਭਰਤੀ ਹੋਏ ਅਤੇ ਆਪਣੀ ਮਿਹਨਤ ਅਤੇ ਕਾਬਲੀਅਤ ਸਦਕਾ ਮੇਜਰ ਸਾਹਿਬ ਦੀ ਉੱਚੀ ਪਦਵੀ ਪ੍ਰਾਪਤ ਕੀਤੀ। 1953 ਵਿੱਚ ਸੇਵਾ ਮੁਕਤ ਹੋ ਕੇ ਆਪਣੇ ਮੌਜੂਦਾ ਪਿੰਡ ਜ਼ਹੂਰਾ ਜ਼ਿਲ੍ਹਾ ਹੁਸ਼ਿਆਰਪੁਰ ਆ ਗਏ। ਉਹ ਬਰਾਦਰੀ ਦੇ ਸੱਚੇ ਹਮਦਰਦ ਅਤੇ ਨਿਸ਼ਕਾਮ ਸਮਾਜ ਸੇਵਕ ਇਸ ਦੇ ਸਰਵਪੱਖੀ ਵਿਕਾਸ ਲਈ ਭਾਈਚਾਰੇ ਨੂੰ ਜਥੇਬੰਦ ਕਰਨ ਵਿੱਚ ਲੱਗ ਗਏ। ਉਨ੍ਹਾਂ ਨਾਲ ਪਹਿਲੀ ਮਿਲਣੀ ਉਸੇ ਸਾਲ 1953 ਵਿੱਚ ਮੇਰੇ ਗਰੀਬ ਖਾਨਾ, ਕਪੂਰਥਲਾ ਵਿਖੇ ਇਕ ਮੀਟਿੰਗ ਵਿੱਚ ਹੋਈ ਜਿਥੇ ਬਰਾਦਰੀ ਦੀ ਕੋਈ ਸੰਸਥਾ ਸਥਾਪਿਤ ਕਰਨ ਦਾ ਵਿਚਾਰ ਵਟਾਂਦਰਾ ਹੋਇਆ ਅਤੇ ਇਹ ਸੰਸਥਾ ਲੁਬਾਣਾ ਸੇਵਕ ਸਭਾ ਦੇ ਨਾਮ ਨਾਲ ਟਾਂਡਾ ਉੜ-ਮੁੜ ਵਿਖੇ ਇਕ ਭਾਰੀ ਇਕੱਤਰਤਾ ਵਿੱਚ ਦਸੰਬਰ 1953 ਨੂੰ ਹੋਂਦ ਵਿੱਚ ਆਈ। ਮੇਜਰ ਸਾਹਿਬ ਇਸ ਦੇ ਪ੍ਰਧਾਨ ਥਾਪੇ ਗਏ। ਲੁਬਾਣਾ ਸਿਖ ਯੰਗਮੈਨ ਐਸੋਸੀਏਸ਼ਨ ਵੱਲੋਂ ਮੇਜਰ ਸਾਹਿਬ ਨੂੰ ਪੂਰਨ ਸਹਿਯੋਗ ਦਾ ਵਿਸ਼ਵਾਸ ਦਿਵਾਇਆ ਗਿਆ। ਇਸ ਸਭਾ ਦੇ ਪ੍ਰਚਾਰ ਲਈ ਇਕ ਮਾਸਿਕ ਪਤ੍ਰਿਕਾ ਲੁਬਾਣਾ ਸੇਵਕ ਦਾ ਆਗਾਜ਼ ਸਤੰਬਰ, 1954 ਵਿੱਚ ਜ਼ਹੂਰਾ ਤੋਂ ਹੋਇਆ। ਇਸ ਦਾ ਰਜਿਸਟਰੇਸ਼ਨ ਨੰ. ਈ.ਪੀ. 278 ਸੀ ਅਤੇ ਇਸ ਦੇ ਮੁੱਖ ਸੰਪਾਦਕ ਮੇਜਰ ਸ਼ਰਮ ਸਿੰਘ ਹੀ ਸਨ।

**ਬੈਕਵਰਡ ਕਲਾਸਿਜ਼ ਕਮਿਸ਼ਨ :** ਮਿਤੀ 2 ਜੁਲਾਈ 1954 ਨੂੰ ਇਸ ਐਸੋਸੀਏਸ਼ਨ ਨੇ ਪੈਪਸੂ ਦੀ ਲੁਬਾਣਾ ਬਰਾਦਰੀ ਦੇ ਇਕ ਡੈਪੂਟੇਸ਼ਨ ਨਾਲ ਬੈਕਵਰਡ ਕਲਾਸਿਜ਼ ਕਮਿਸ਼ਨ ਦੇ ਚੇਅਰਮੈਨ ਕਾਕਾ ਕਲੈਲਕਾਰ ਨੂੰ ਇਕ ਮੈਮੋਰੈਂਡਮ ਦਿੱਤਾ ਅਤੇ ਬਰਾਦਰੀ ਨੂੰ ਬੈਕਵਰਡ ਕਲਾਸਿਜ਼ ਵਿੱਚ ਸ਼ਾਮਿਲ ਕਰਨ ਲਈ ਬੇਨਤੀ ਕੀਤੀ। ਏਥੇ ਹੀ ਗਿਆਨੀ ਭਗਤ ਸਿੰਘ (ਐਡਵੋਕੇਟ) ਜ਼ਿਲ੍ਹਾ ਭਲਾਈ ਅਫਸਰ ਪਹਿਲੀ ਵਾਰ ਮਿਲੇ ਜਿਸ ਦੇ ਰਾਹੀਂ ਭਾਈਚਾਰੇ ਵਿੱਚ ਜਾਣ-ਪਹਿਚਾਨ ਵਿੱਚ ਹੋਰ ਵਾਧਾ ਹੋਇਆ।

**(ਚਲਦਾ)**

# ਸੰਪੂਰਨ ਕਿੱਸਾ ਜੱਲ੍ਹੇ ਦਾ ਛੱਲਾ

ਬਿੱਟੂ ਲਹਿਰੀ ਜੰਡ ਵਾਲਾ ਭੀਮੇ ਸ਼ਾਹ

ਬਹੁਤ ਹੀ ਸਤਿਕਾਰਯੋਗ ਲੇਖਕ ਬਿੱਟੂ ਲਹਿਰੀ ਜੰਡ ਵਾਲਾ ਭੀਮੇ ਸ਼ਾਹ ਦੀ ਪੰਜਾਬੀ ਸੱਥ ਲਾਂਬੜਾ ਵੱਲੋਂ ਛਪੀ ਕਿਤਾਬ ਸੰਪੂਰਨ ਕਿੱਸਾ ਜੱਲ੍ਹੇ ਦਾ ਛੱਲਾ ਜੋ ਕਿ ਛੱਲੇ ਅਤੇ ਉਸ ਦੇ ਪਰਿਵਾਰ ਦੇ ਜੀਵਨ ਬਾਰੇ ਸਾਨੂੰ ਜਾਣਕਾਰੀ ਦਿੰਦੀ ਹੈ। ਅਸੀਂ ਧੰਨਵਾਦ ਸਹਿਤ ਮੈਗਜ਼ੀਨ 'ਲੁਬਾਣਾ ਸੇਵਕ' ਵਿਚ ਛਾਪ ਕੇ ਖੁਸ਼ੀ ਮਹਿਸੂਸ ਕਰ ਰਹੇ ਹਾਂ।

ਭਗਵਾਨ ਸਿੰਘ ਲੁਬਾਣਾ



ਬਿੱਟੂ ਲਹਿਰੀ

## ਸ਼ੇਅਰ

1. ਛੱਲਾ ਛੱਲਾ ਆਖਣ ਤੋਤੇ, ਬੜੀ ਮਿੱਠੀ ਆਵਾਜ਼ ਸੁਰੀਲੀ।
2. ਮੋਢਿਆਂ ਤੇ ਦੋ ਚੜ੍ਹ ਕੇ ਬਹਿ ਗਏ, ਜਾਣ ਛੱਲੇ ਨੂੰ ਕੀਲੀ।
3. ਬੱਚਿਆ ਕੋਲ ਜ਼ਰੂਰੀ ਜਾਣਾ, ਸਾਡੀ ਇਹ ਛੱਲਿਆ ਮਜਬੂਰੀ।
4. ਮਿੱਠੇ ਫਲ ਲੈ ਆਈਏ 'ਲਹਿਰੀ' ਖੁਆਈ ਤੂੰ ਅਸਾਂ ਨੂੰ ਚੂਰੀ।

**ਵਿਸਥਾਰ** - ਦਿਨ ਢਲਿਆ ਸ਼ਾਮਾਂ ਪੈਣ ਲੱਗੀਆਂ। ਸਾਰੇ ਪੰਛੀ ਆਪੋ ਆਪਣੇ ਘਰਾਂ ਨੂੰ ਜਾਣ ਲੱਗੇ ਤਾਂ ਤੋਤਿਆਂ ਨੇ ਛੱਲੇ ਨੂੰ ਕਿਹਾ, "ਸਾਡੇ ਬੱਚੇ ਸਾਡੀ ਉਡੀਕ ਕਰ ਰਹੇ ਹਨ, ਅਸੀਂ ਹੁਣ ਚੱਲਦੇ ਹਾਂ। ਅਸੀਂ ਤੇਰੇ ਲਈ ਕੱਲ ਨੂੰ ਮਿੱਠੇ-ਮਿੱਠੇ ਫਲ ਲੈ ਕੇ ਆਵਾਂਗੇ।" ਛੱਲੇ ਦੀ ਅੰਮੀ ਨੇ ਕਿਹਾ, "ਛੱਲਿਆ ਹੁਣ ਤੂੰ ਵੀ ਰੋਟੀ ਖਾ ਕੇ ਸੌਂ ਜਾ।"

## ਸ਼ੇਅਰ

1. ਸਾਰਾ ਦਿਨ ਤੂੰ ਖੇਡੇ ਛੱਲਿਆ, ਲੱਗਣ ਤੋਤੇ ਬੜੇ ਪਿਆਰੇ।
2. ਇਹ ਸੰਗੀ ਤੇਰੇ ਬਣ ਗਏ ਪੱਕੇ, ਖਾਵਣ ਚੂਰੀ ਲੈਣ ਨਜ਼ਾਰੇ।
3. ਆਪਣੇ ਵਾਂਗੂੰ ਘਰ ਇਹਨਾਂ ਦੇ, ਮੁੜ ਆ ਸਨ ਕੱਲ ਦੁਬਾਰੇ।
4. ਘਰ ਇਨ੍ਹਾਂ ਨੂੰ ਜਾਣ ਦੇ 'ਲਹਿਰੀ', ਹੁਣ ਨੇ ਨਿਕਲਣ ਵਾਲੇ ਤਾਰੇ।

**ਵਿਸਥਾਰ** - ਅਗਲਾ ਦਿਨ ਚੜ੍ਹਿਆ ਤਾਂ ਤੋਤੇ ਛੱਲੇ ਲਈ ਕਈ ਤਰ੍ਹਾਂ ਦੇ ਮਿੱਠੇ ਫਲ ਲੈ ਕੇ ਆਏ ਅਤੇ ਉਹਨਾਂ ਸਾਰੇ ਫਲ ਛੱਲੇ ਅੱਗੇ ਰੱਖ ਦਿੱਤੇ। ਛੱਲਾ ਮਿੱਠੇ ਫਲ ਖਾ ਵੀ ਰਿਹਾ ਹੈ ਤੇ ਤੋਤਿਆਂ ਨਾਲ ਸੁਆਲ ਜੁਆਬ ਵੀ ਕਰ ਰਿਹਾ ਹੈ –

## ਸ਼ੇਅਰ

ਛੱਲਾ - ਪਹਿਲਾਂ ਕਦੇ ਨਾ ਖਾਧਾ ਤੋਤਿਆ, ਮੈਂ ਐਸਾ ਫਲ ਮਿੱਠਾ।
ਇਹਦਾ ਨਾਂ ਦੱਸ ਕੀ ਮੈਂ ਜਾਣਾ, ਨਹੀ ਅਜੇ ਤੱਕ ਡਿੱਠਾ।

ਤੋਤੇ - ਪਹਿਲਾਂ ਫਲ ਅਸਾਂ ਨੇ ਖਾਣਾ, ਜੋ ਪੱਕਦਾ ਵਿਚ ਬਾਗਾਂ।
ਚੂਰੀ ਖਾਂਦੇ ਕਰਮਾਂ ਵਾਲੇ, ਅਸੀਂ ਸੋਚਿਆ ਨਾ ਵਿੱਚ ਖਾਬਾਂ।

ਛੱਲਾ - ਕਿਹੜੀ ਥਾਂ ਤੇ ਹੱਟੀ ਇਹਦੀ, ਮੈਨੂੰ ਦੱਸ ਦੇ ਪੱਕਾ ਟਿਕਾਣਾ।
ਕੀ ਕਹਿ ਕੇ ਫਲ ਤੁਸੀਂ ਜੇ ਲੈਂਦੇ, ਮੈਂ ਭੋਲਾ ਕੀ ਜਾਣਾ।

ਤੋਤੇ - ਇਹ ਹੱਟੀ ਐ ਖੁਲਮ ਖੁੱਲੀ, ਤੇ ਹੁੰਦੀ ਬੜੀ ਰਖਵਾਲੀ।
ਜਾਣ ਤਲੀ ਤੇ ਧਰ ਕੇ ਤੋੜਾਂ, ਸੱਚ ਵੱਟੇ ਮਾਰਦਾ ਮਾਲੀ।

ਛੱਲਾ - ਅੰਮੀ ਅੱਬਾ ਨਾਲ ਲਿਆਵੀਂ, ਇਕ ਮੈਨੂੰ ਕੰਮ ਜ਼ਰੂਰੀ।
ਆਖਾਂ ਮਿੱਠੂ ਤੋਤਾ ਤੇਰਾ, ਕਿਉਂ ਨਹੀਂ ਕੁੱਟ ਖੁਆਈ ਚੂਰੀ।

ਤੋਤਾ - ਉਜੜਿਆ ਬਾਗ ਸਦਾ ਉਹ ਰਹਿਣਾ, ਲੁਕ ਕਰਦੇ ਜੋ ਰਾਖੀ।
ਅੰਮੀ ਅੱਬਾ ਕਬਰ 'ਚ ਸੁੱਤੇ, ਗੁਲੈਲ ਮਾਰੀ ਇੱਕ ਪਾਪੀ।

**ਵਿਸਥਾਰ** - ਛੱਲਾ ਤੇ ਤੋਤੇ ਇੱਕ ਦੂਜੇ ਨਾਲ ਗੱਲਾਂ ਕਰ ਰਹੇ ਸਨ ਤਾਂ ਅਚਾਨਕ ਅਸਮਾਨਾਂ ਤੇ ਕਾਲੀਆਂ ਘਟਾ ਚੜ੍ਹਨ ਲੱਗੀਆਂ। ਮੌਸਮ ਦਾ ਮਜ਼ਾਜ

ਬੜਾ ਸੁਆਵਣਾ ਹੋ ਗਿਆ। ਤੋਤਿਆਂ ਦਾ ਮਨ ਆਸਮਾਨਾਂ ਵਿੱਚ ਉਡਾਰੀਆਂ ਲਾਉਣ ਤੇ ਘਰ ਜਾਣ ਨੂੰ ਕੀਤਾ। ਤੋਤਿਆਂ ਨੇ ਛੱਲੇ ਤੇ ਛੱਲੇ ਦੀ ਅੰਮੀ ਕੋਲੋਂ ਛੁੱਟੀ ਲੈ ਕੇ ਤੋਤਿਆਂ ਨੇ ਅਸਮਾਨਾਂ ਵਿੱਚ ਨਖਰੇ ਭਰੀਆਂ ਉਡਾਰੀਆਂ ਭਰੀਆਂ ਤਾਂ ਛੱਲੇ ਨੇ ਆਪਣੀ ਅੰਮੀ ਨੂੰ ਮੂੰਹ ਵਿੱਚੋਂ ਕਹੇ ਬੋਲਾਂ ਦਾ ਜੁਆਬ ਅੰਮੀ ਨੇ ਆਪਣੇ ਥਿੜਕਦੇ ਬੁੱਲਾਂ ਵਿੱਚੋਂ ਕਿਵੇਂ ਦਿੱਤਾ।

### ਸ਼ੇਅਰ

**ਛੱਲਾ - ਵੇਖੀ ਅੰਮੀ ਵੇਖੀ ਅੰਮੀ, ਤੋਤੇ ਜਾਂਦੇ ਖੰਭ ਖਿਲਾਰੀ।**
**ਮੈਂ ਵੀ ਉੱਡ ਜਾਂ ਨਾਲ ਇਹਨਾਂ ਦੇ, ਇੱਕ ਲੰਬੀ ਭਰਾਂ ਉਡਾਰੀ।**
**ਅੰਮੀ - ਨਾ ਵੇ ਪੁੱਤਰਾ, ਨਾਂ ਵੇ ਪੁੱਤਰਾ, ਜੋ ਕਹੇ ਬੋਲ ਤੂੰ ਪਿੱਛੇ ਮੋੜ।**
**ਉਡਾਰੀ ਲੰਬੀ ਵਤਨ ਨਾ ਮੁੜਦੀ, ਨਾ ਕੋਈ ਮਿਲਦੇ ਅੱਗੇ ਹੋਰ।**
**ਛੱਲਾ - ਵੇਖੀ ਅੰਮੀ ਵੇਖੀ ਅੰਮੀ, ਤੋਤੇ ਗਏ ਅੱਖਾਂ ਤੋਂ ਦੂਰ।**
**ਘਰ ਮੇਰੇ ਕਲ੍ਹ ਆਵਣਗੇ, ਮੈਂ ਜਾਸਾਂ ਨਾਲ ਜ਼ਰੂਰ।**
**ਅੰਮੀ - ਨਾਂ ਵੇ ਪੁੱਤਰਾ, ਨਾਂ ਵੇ ਪੁੱਤਰਾ, ਨਾ ਮੰਦੜੇ ਬੋਲ ਤੂੰ ਬੋਲ।**
**'ਲਹਿਰੀ' ਜਿੱਦ ਛੁਡਾ ਛੱਲੇ ਦੀ, ਕੋਈ ਐਸਾ ਸ਼ੇਅਰ ਤੂੰ ਜੋੜ।**

**ਵਿਸਥਾਰ -** ਰਾਤ ਸੁੱਖਾਂ ਦੀ ਗੁਜਰੀ ਦਿਨ ਚੜ੍ਹਿਆ। ਜੱਲ੍ਹਾ ਛੱਲੇ ਨੂੰ ਨਾਲ ਲੈ ਕੇ ਪਿੰਡ ਵਿੱਚ ਚਲਾ ਜਾਂਦਾ। ਛੱਲਾ ਉੱਥੇ ਖੇਡਾਂ ਖੇਡਦਾ ਅਤੇ ਬਜ਼ੁਰਗਾਂ ਦੀਆਂ ਨਕਲਾਂ ਇਸ ਤਰ੍ਹਾਂ ਲਾਹੁੰਦਾ ਸੀ।

### ਸ਼ੇਅਰ

**1. ਬੁੱਢੇ ਇੱਕ ਖੰਗੂਰਾ ਲਾਇਆ, ਛੱਲਾਂ ਨਕਲਾਂ ਲਾਹਵੇ ਪਿਆ।**
**2. ਇੱਕ ਬੰਦੇ ਪੈਰੀਂ ਜੁੱਤੀ ਪਾਈ, ਛੱਲਾ ਉਵੇਂ ਪਾਵੇ ਪਿਆ।**
**3. ਖੜਮਸਤੀ ਕਰਦਾ ਜਾਣ ਕੇ ਬੁੱਢਾ, ਛੱਲਾ ਮੂੰਹ ਚੜ੍ਹਾਵੇ ਪਿਆ।**
**4. ਖੁਸ਼ੀ ਸੱਥ ਵਿੱਚ ਦੌੜੀ 'ਲਹਿਰੀ', ਛੱਲਾ ਖੁਸ਼ੀ ਮਨਾਵੇ ਪਿਆ।**

**ਵਿਸਥਾਰ -** ਛੱਲੇ ਦੀ ਅੰਮੀ ਛੱਲੇ ਨੂੰ ਘਰ ਵਿੱਚ ਤੱਕਦੀ ਤੇ ਸੁਣਦੀ। ਦੋਵਾਂ ਜੀਆਂ ਵਿੱਚ ਛੱਲੇ ਨੂੰ ਲੈ ਕੇ ਹੁੰਦੀ ਗੱਲਬਾਤ ਇਸ ਤਰ੍ਹਾਂ ਸੀ।

(ਚਲਦਾ)

# ਮਾਂ ਬੋਲੀ ਪੰਜਾਬੀ ਜੇ ਭੁੱਲ ਜਾਵੋਗੇ ਕੱਖਾਂ ਵਾਂਗੂ ਰੁੱਲ ਜਾਵੋਗੇ

● ● ●

## ਅਪੀਲ

**ਵੇਖਣ ਵਿਚ ਇਹ ਸਾਹਮਣੇ ਆਇਆ ਹੈ ਕਿ ਭਵਨ ਵੱਲੋਂ ਭੇਜੇ ਜਾਣ ਵਾਲੇ ਮੈਗਜ਼ੀਨ ਜਾਂ ਕੋਈ ਹੋਰ ਚਿੱਠੀ-ਪੱਤਰ ਮੈਂਬਰਾਂ ਦੇ ਸਹੀ ਪਤੇ ਤੇ ਨਹੀਂ ਪਹੁੰਚਦਾ ਅਤੇ ਘੋਖ ਕਰਨ ਤੇ ਪਤਾ ਲੱਗਾ ਕਿ ਜੋ ਵੀ ਮੈਂਬਰਾਂ ਨੇ ਆਪਣੇ ਰਿਹਾਇਸ਼ੀ ਪਤੇ ਬਦਲ ਲਏ ਹਨ ਉਹ ਬਾਬਾ ਮੱਖਣ ਸ਼ਾਹ ਲੁਬਾਣਾ ਭਵਨ ਦੇ ਦਫ਼ਤਰ ਵਿਚ ਉਹਨਾਂ ਦੇ ਨਵੇਂ ਪਤੇ ਨੋਟ ਕਰਵਾ ਦੇਣ ਤਾਂ ਜੋ ਮੈਂਬਰਾਂ ਦਾ ਸਹੀ ਪਤਾ ਦਫ਼ਤਰ ਦੇ ਰਿਕਾਰਡ ਵਿਚ ਅਪਡੇਟ ਕੀਤਾ ਜਾ ਸਕੇ।**

**-ਧੰਨਵਾਦ**

# ਹੋਰ ਪੱਛੜੀਆਂ ਸ਼੍ਰੇਣੀਆਂ (OBC) ਸਰਟੀਫਿਕੇਟ ਬਨਾਉਣ ਲਈ ਆਮ ਜਾਣਕਾਰੀ

ਕੇਂਦਰੀ ਸਰਕਾਰ ਵੱਲੋਂ ਜਾਰੀ ਹੋਰ ਪੱਛੜੀਆਂ ਸ਼੍ਰੇਣੀਆਂ ਦੀ ਸੂਚੀ ਵਿਚ ਲੁਬਾਣਾ ਜਾਤੀ ਵੀ ਹੋਰ ਪੱਛੜੀਆਂ ਸ਼੍ਰੇਣੀਆਂ ਵਿਚ ਸ਼ਾਮਲ ਹੈ। ਜਿਸ ਅਧੀਨ ਕੇਂਦਰੀ ਸਰਕਾਰ ਦੀਆਂ ਵਿੱਦਿਅਕ ਸੰਸਥਾਵਾਂ, ਆਈ.ਟੀ.ਆਈ., ਮੈਡੀਕਲ, ਇੰਜੀਨੀਅਰਿੰਗ ਅਤੇ ਹੋਰ ਨੌਕਰੀਆਂ ਵਿਚ ਹੋਰ ਪੱਛੜੀਆਂ ਸ਼੍ਰੇਣੀਆਂ ਨੂੰ 27% ਦਾ ਰਾਖਵਾਂਕਰਨ ਦਿੱਤਾ ਹੋਇਆ ਹੈ। ਭਾਵੇਂ ਕਿ ਪੰਜਾਬ ਸਰਕਾਰ ਵੱਲੋਂ ਓ.ਬੀ.ਸੀ. ਸ਼੍ਰੇਣੀਆਂ ਨੂੰ ਵਿੱਦਿਆ ਵਿਚ 12% ਅਤੇ ਨੌਕਰੀਆਂ ਵਿਚ ਸਿਰਫ਼ 5% ਰਾਖਵਾਂਕਰਨ ਹੀ ਦਿੱਤਾ ਹੋਇਆ ਹੈ। ਜਿਸ ਵਿਚ ਵਾਧਾ ਕਰਨ ਦੀ ਮੰਗ ਲਗਾਤਾਰ ਚੱਲ ਰਹੀ ਹੈ। ਬਰਾਦਰੀ ਦੇ ਹੋਣਹਾਰ ਬੱਚਿਆਂ ਵੱਲੋਂ ਅਜਿਹੇ ਵੱਖ-ਵੱਖ ਵਿੱਦਿਆ ਪ੍ਰਾਪਤ ਕਰਨ ਵਾਲੀਆਂ ਸੰਸਥਾਵਾਂ ਅਤੇ ਨੌਕਰੀਆਂ ਵਿਚ ਓ.ਬੀ.ਸੀ. ਕੋਟੇ ਅਧੀਨ ਅਪਲਾਈ ਕਰਨ ਲਈ ਹਲਕੇ ਦੇ ਐਸ.ਡੀ.ਐਮ. ਵੱਲੋਂ ਜਾਰੀ ਕੀਤਾ ਹੋਇਆ ਓ.ਬੀ.ਸੀ. ਸਰਟੀਫਿਕੇਟ ਬੱਚਿਆਂ ਪਾਸ ਹੋਣਾ ਜ਼ਰੂਰੀ ਹੈ। ਆਮ ਧਾਰਨਾ ਹੈ ਕਿ ਜ਼ਿਆਦਾ ਆਮਦਨ ਵਾਲੇ ਮਾਪਿਆਂ ਅਤੇ ਸਰਕਾਰੀ ਜਾਂ ਗੈਰ ਸਰਕਾਰੀ ਨੌਕਰੀ ਕਰਦੇ ਦੋਨੋਂ ਪਤੀ-ਪਤਨੀ ਦੇ ਬੱਚੇ ਓ.ਬੀ.ਸੀ. ਲਈ ਬਣੀ ਸਲਾਨਾ 8 ਲੱਖ ਦੀ ਆਮਦਨ ਦੀ ਕਰੀਮੀ ਲੇਅਰ ਦੀ ਹੱਦ ਕਾਰਨ ਸਰਟੀਫਿਕੇਟ ਲੈਣ ਦੇ ਯੋਗ ਨਹੀਂ ਹਨ।

ਸਾਰਿਆਂ ਦੀ ਜਾਣਕਾਰੀ ਲਈ ਦੱਸਿਆ ਜਾਂਦਾ ਹੈ ਕਿ ਕਰੀਮੀ ਲੇਅਰ ਦੀ 8 ਲੱਖ ਦੀ ਆਮਦਨ ਹੱਦ ਵਿਚ ਨੌਕਰੀ ਤੋਂ ਮਿਲਦੀ ਤਨਖਾਹ ਅਤੇ ਜ਼ਮੀਨੀ ਖੇਤੀ ਆਮਦਨ ਨੂੰ ਸ਼ਾਮਲ ਨਹੀਂ ਕੀਤਾ ਜਾਂਦਾ। ਜਿਨ੍ਹਾਂ ਮਾਪਿਆਂ ਦੀ ਇਸ ਤੋਂ ਇਲਾਵਾ ਹੋਰ ਸਾਧਨਾਂ ਤੋਂ ਕੁੱਲ ਆਮਦਨ ਸਲਾਨਾ 8 ਲੱਖ ਰੁਪਏ ਤੋਂ ਵੱਧ ਹੈ ਉਹ ਕਰੀਮੀ ਲੇਅਰ ਅਧੀਨ ਇਸ ਸਰਟੀਫਿਕੇਟ ਲਈ ਯੋਗ ਨਹੀਂ ਹਨ। ਇਸ ਤੋਂ ਇਲਾਵਾ ਕੈਟਾਗਰੀ 'ਏ' ਵਿਚ ਸਿੱਧੇ ਭਰਤੀ ਹੋਏ ਮਾਪਿਆਂ ਦੇ ਬੱਚੇ ਵੀ ਇਸ ਰਾਖਵਾਂਕਰਨ ਸਰਟੀਫਿਕੇਟ ਲਈ ਯੋਗ ਨਹੀਂ ਹਨ। ਅਜਿਹੇ ਮਾਪੇ ਜਿਹੜੇ ਕੈਟਾਗਰੀ 'ਸੀ' ਅਤੇ 'ਡੀ' ਵਿਚ ਭਰਤੀ ਹੋ ਕੇ 40 ਸਾਲ ਦੀ ਉਮਰ ਤੋਂ ਬਾਅਦ ਪਦਉੱਨਤ ਹੋ ਕੇ ਕੈਟਾਗਰੀ 'ਏ' ਅਤੇ 'ਬੀ' ਵਿਚ ਸ਼ਾਮਲ ਹੋਏ ਹਨ ਉਨ੍ਹਾਂ ਦੇ ਬੱਚੇ ਵੀ ਇਸ ਸਰਟੀਫਿਕੇਟ ਲਈ ਯੋਗ ਹਨ। ਫੌਜੀ ਅਫ਼ਸਰ, ਕਰਨਲ ਅਤੇ ਉੱਪਰ ਦੇ ਰੈਂਕ, ਜੱਜ ਅਤੇ ਵਿਦੇਸ਼ੀ ਸੇਵਾਵਾਂ ਵਿਚ ਨੌਕਰੀ ਕਰਦੇ ਮਾਪਿਆਂ ਦੇ ਬੱਚੇ ਅਜਿਹਾ ਲਾਭ ਲੈਣ ਲਈ ਯੋਗ ਨਹੀਂ ਹਨ। ਆਮਦਨ ਹੱਦ ਲਈ ਸਿਰਫ਼ ਮਾਪਿਆਂ ਦੀ ਆਮਦਨ ਹੀ ਗਿਣੀ ਜਾਂਦੀ ਹੈ। ਜੇਕਰ ਬੱਚਾ ਕੋਈ ਆਪ ਤਨਖਾਹ ਜਾਂ ਹੋਰ ਵਸੀਲਿਆਂ ਰਾਹੀਂ ਕੋਈ ਆਮਦਨ ਪ੍ਰਾਪਤ ਕਰਦਾ ਹੈ ਤਾਂ ਉਸ ਆਮਦਨ ਨੂੰ ਇਸ ਹੱਦ ਵਿਚ ਨਹੀਂ ਗਿਣਿਆ ਜਾਂਦਾ ਹੈ। ਹੋਰ ਸਾਧਨਾਂ ਤੋਂ ਆਮਦਨ ਦਾ ਭਾਵ ਹੈ ਮਾਪਿਆਂ ਨੂੰ ਆਪਣੀ ਕਿਸੇ ਪ੍ਰਾਪਰਟੀ ਦਾ ਕਿਰਾਇਆ ਵਗੈਰਾ ਜਾਂ ਬੈਂਕ ਵਿਚ ਜਮ੍ਹਾਂ ਰਕਮ ਤੋਂ ਮਿਲਦਾ ਵਿਆਜ਼ ਜੋ ਕਿ ਉਹ ਆਪਣੀ ਸਲਾਨਾ ਆਦਮਨ ਕਰ ਰਿਟਰਨ ਵਿਚ ਉਜਾਗਰ ਕਰਦੇ ਹਨ।

ਸਾਰੇ ਯੋਗ ਬੱਚਿਆਂ ਦੇ ਮਾਪਿਆਂ ਨੂੰ ਆਪਣੇ ਬੱਚਿਆਂ ਦੇ ਓ.ਬੀ.ਸੀ. ਸਰਟੀਫਿਕੇਟ ਬਣਾ ਲੈਣੇ ਚਾਹੀਦੇ ਹਨ ਤਾਂ ਜੋ ਬੱਚੇ ਸਰਕਾਰਾਂ ਵੱਲੋਂ ਮਿਲਣ ਵਾਲੀਆਂ ਵਿੱਦਿਅਕ ਅਤੇ ਰੁਜ਼ਗਾਰ ਵਿਚ ਦਿੱਤੇ ਜਾਂਦੇ ਲਾਭਾਂ ਦਾ ਫਾਇਦਾ ਲੈ ਸਕਣ।

**ਸੁਰਿੰਦਰ ਸਿੰਘ ਰੁਬੀ**
**ਸਹਿ ਸੰਪਾਦਕ**

# ਅਪਾਹਜ

ਸਤਵਿੰਦਰ ਸਿੰਘ ਬੇਗੋਵਾਲੀਆ

ਪ੍ਰਸਿੱਧ ਨਾਟਕਕਾਰ ਸਤਵਿੰਦਰ ਸਿੰਘ ਬੇਗੋਵਾਲੀਆ ਨਗਰ ਬੇਗੋਵਾਲ ਦੇ ਸਿਰਕੱਢ ਮੁਰੱਬੀਆ ਪਰਿਵਾਰ ਦੇ ਫਰਜੰਦ ਹਨ।ਆਪ ਜੀ ਪੰਜਾਬ ਸਿੱਖਿਆ ਵਿਭਾਗ ਵਿਚੋਂ ਬਤੌਰ ਪ੍ਰਿੰਸੀਪਲ ਸੇਵਾ ਮੁਕਤ ਹੋਏ ਹਨ।ਆਪ ਜੀ ਨੇ ਆਪਣੀ ਕਲਮ ਤੋਂ ਤਕਰੀਬਨ ਅੱਧੀ ਦਰਜਨ ਨਾਟ ਪੁਸਤਕਾਂ ਪੰਜਾਬੀ ਸਾਹਿਤ ਦੀ ਝੋਲੀ ਵਿਚ ਪਾਈਆਂ ਹਨ।ਉਹਨਾਂ ਨੂੰ ਆਈ.ਸੀ. ਨੰਦਾ ਨਾਟਕ ਪੁਰਸਕਾਰ ਨਾਲ ਸਨਮਾਨਿਤ ਵੀ ਕੀਤਾ ਜਾ ਚੁੱਕਾ ਹੈ।ਉਹਨਾਂ ਦੇ ਕੁਝ ਨਾਟਕਾਂ ਨੂੰ ਅਸੀਂ 'ਲੁਬਾਣਾ ਸੇਵਕ' ਵਿਚ ਧੰਨਵਾਦ ਸਹਿਤ ਲੜੀਵਾਰ ਛਾਪ ਕੇ ਖੁਸ਼ੀ ਮਹਿਸੂਸ ਕਰਦੇ ਹਾਂ।

ਸੁਰਿੰਦਰ ਸਿੰਘ ਰੂਬੀ 'ਸਹਿ ਸੰਪਾਦਕ'



ਸਤਵਿੰਦਰ ਸਿੰਘ ਬੇਗੋਵਾਲੀਆ

**ਬਾਊ** : ਆਪਣੀਆਂ ਦੁਆਵਾਂ ਆਪਣੇ ਕੋਲ ਈ ਸਾਂਭ ਕੇ ਰੱਖ।

**ਭਿਖਾਰੀ** : ਨਾ ਜੀ ਦੁਆਵਾਂ ਲੱਗ ਜਾਣ ਤਾਂ ਬੰਦੇ ਦੀ ਕਿਸਮਤ ਬਦਲ ਜਾਂਦੀ ਏ।

**ਬਾਊ** : ਖੱਪ ਪਾਉਣੀ ਬੰਦ ਕਰ, ਸਵੇਰੇ-ਸਵੇਰੇ ਕਿਹੋ ਜਿਹੇ ਜਾਨਵਰਾਂ ਨਾਲ ਮੱਥਾ ਲੱਗ ਗਿਐ।

**ਭਿਖਾਰੀ** : ਬਾਊ ਜੀ, ਗਲਤ ਕਿਉਂ ਬੋਲਦੇ ਹੋ?

**ਖੋਜੀ** : (ਬਾਊ ਨੂੰ) ਹਾਂ ਬਈ, ਨਿਰਣੇ ਕਾਲਜੇ ਕਿਉਂ ਇਸ ਵਿਚਾਰੇ ਨੂੰ ਗਾਹਲਾਂ ਕੱਢਣ ਲੱਗ ਪਿਐਂ?

**ਬਾਊ** : ਤੂੰ ਮਾਮਾ ਲਗਣੈਂ, ਇਹਦਾ? ਕੌਣ ਏਂ ਤੂੰ?

**ਖੋਜੀ** : ਇਕ ਇਨਸਾਨ, ਤੇਰੇ ਵਰਗਾ.....ਨਹੀਂ ਨਹੀਂ ਤੇਰੇ ਵਰਗਾ ਮੈਂ ਕਿਵੇਂ ਹੋ ਸਕਦਾ! (ਭਿਖਾਰੀ ਨੂੰ) ਨਾ ਸੰਘ ਪਾੜ ਭਰਾਵਾਂ! ਝੋਟੇ ਅੱਗੇ ਬੀਨ ਵਜਾਉਣ ਦਾ ਕੋਈ ਫ਼ਾਇਦਾ ਨਹੀਂ ਹੋਣਾ।

**ਬਾਊ** : ਮੈਨੂੰ ਝੋਟਾ ਕਿਹੈ?

**ਖੋਜੀ** : ਹਾਂ, ਕਿਉਂਕਿ ਸਮੇਂ ਦੇ ਉਲਟੇ ਗੇੜ ਵਿਚ ਪਦਾਰਥਵਾਦ ਨੇ ਤੈਨੂੰ ਨੱਥ ਪਾਈ ਹੋਈ ਏ।

**ਭਿਖਾਰੀ** : ਤਾਹਿਉਂ ਪਾਟੇ ਢੋਲ ਵਾਂਗੂੰ ਵੱਜਦਾ ਏ।

**ਖੋਜੀ** : ਹਾਂ ਹਾਂ, ਉਹ ਇਸੇ ਕਰਕੇ ਇਹਨੂੰ ਸਵੇਰੇ-ਸਵੇਰੇ ਦਫ਼ਤਰ ਜਾਣ ਤੋਂ ਪਹਿਲਾਂ ਘਰੋਂ ਰੋਟੀ ਨਹੀਂ ਮਿਲੀ। ਇਹ ਆਪੇ ਚਾਹ ਬਣਾ ਕੇ ਪੀ ਕੇ ਦੋ ਬਿਸਕੁਟ ਖਾ ਕੇ ਤੇ ਇਹ ਬੈਗ ਮੋਢੇ 'ਤੇ ਲਟਕਾ ਕੇ ਇਸ ਸੜਕ 'ਤੇ ਹਾਜ਼ਰ ਹੋ ਗਿਐ।

**ਭਿਖਾਰੀ** : ਤਾਹਿਉਂ ਖਾਲੀ ਭਾਂਡਾ ਕੁਛ ਜ਼ਿਆਦਾ ਈ ਖੜਕਦਾ ਏ।

**ਬਾਊ** : (ਗੁੱਸੇ ਨਾਲ) ਤੇਰਾ ਮਤਲਬ?

**ਭਿਖਾਰੀ** : ਜੀ ਮੇਰੇ ਕਹਿਣ ਦਾ ਮਤਲਬ ਏ ਘਰੋਂ ਰੋਟੀ ਖਾ ਕੇ ਰੱਜ ਕੇ ਆਉਂਦੇ ਤਾਂ ਮੈਨੂੰ ਵੱਢ ਖਾਣ ਨੂੰ ਨਾ ਪੈਂਦੇ।

**ਬਾਊ** : ਮੈਂ ਰੱਜ ਕੇ ਆਇਆਂ।

**ਖੋਜੀ** : ਦੋ ਬਿਸਕੁਟ ਖਾ ਕੇ ਰੱਜ ਗਿਐਂ! ਜੇ ਸਾਰੇ ਲੋਕ ਤੇਰੇ ਵਾਂਗ ਦੋ ਬਿਸਕੁਟ ਤੇ ਚਾਹ ਦਾ ਕੱਪ ਪੀ ਕੇ ਰੱਜ ਜਾਣ ਤਾਂ ਫਿਰ ਭਾਰਤ ਨੂੰ ਚਿੰਤਾ ਨਹੀਂ ਕਰਨੀ ਚਾਹੀਦੀ ਅਨਾਜ ਦੀ, ਜਿਥੇ ਜਨਸੰਖਿਆ ਦਿਨ ਦੁੱਗਣੀ ਰਾਤ ਦਸ ਗੁਣਾ ਉੱਨਤੀ ਕਰਦੇ ਹੋਏ ਵਧਦੀ ਜਾ ਰਹੀ ਏ। ਪਰ ਇਸ ਬਾਊ ਨੂੰ ਘਰ ਵਾਲੀ ਨੇ ਰੋਟੀ ਪਕਾ ਕੇ ਦਿੱਤੀ ਨਹੀਂ ਤੇ ਕੱਢ ਦਿੱਤੈ ਘਰੋਂ ਬਰੰਗ ਲਿਫ਼ਾਫ਼ੇ ਵਾਂਗ। ਕਿਉਂ ਠੀਕ ਹੋਈ ਤੇਰੇ ਨਾਲ?

**ਬਾਊ** : (ਕੰਬਦੀ ਆਵਾਜ਼ ਵਿਚ) ਪਰ......ਪਰ ਤੈਨੂੰ ਕਿਵੇਂ ਪਤਾ ਲੱਗੈ ਕਿ ਮੈਨੂੰ ਘਰੋਂ ਇਵੇਂ.....

**ਖੋਜੀ** : ਮੈਂ ਤੇਰੀ ਰਗ ਰਗ ਪਛਾਣਦਾਂ, ਮੇਰੇ ਇਹ ਸਿਰ ਦੇ ਵਾਲ ਕਿਸੇ ਬਿਮਾਰੀ ਨਾਲ ਚਿੱਟੇ ਨਹੀਂ ਹੋਏ, ਖੋਜ ਕਰਦੇ ਕਰਦੇ ਚਿੱਟੇ ਹੋ ਗਏ ਨੇ।

**ਭਿਖਾਰੀ** : ਭਰਾਵਾ, ਇਸ ਬਊ ਦੀ ਵਹੁਟੀ.....

**ਖੋਜੀ** : ਸੋਹਣੀ, ਸੁਨੱਖੀ, ਪੰਜ ਕਲਿਆਣੀ। ਤੁਰਦੀ ਏ ਤਾਂ ਧਰਤੀ ਡੋਲਦੀ ਏ।

**ਭਿਖਾਰੀ** : ਮੈਂ ਵੀ ਕਹਾਂ ਇਹਦੇ ਤੇ ਭੁਚਾਲ ਕਿਉਂ ਆਇਐ? ਖਾਂਦੇ ਪੀਂਦੇ ਘਰਾਂ ਦੇ ਬੰਦੇ ਵੀ ਭੁੱਖੇ ਤੁਰੇ ਫਿਰਦੇ ਨੇ। ਪਰ ਇਸ ਬਾਊ ਦੀ ਵਹੁਟੀ ਨੇ ਰੋਟੀ ਕਿਉਂ ਨਹੀਂ ਪਕਾ ਕੇ ਦਿੱਤੀ?

**ਖੋਜੀ** : ਇਹ ਬਾਊ ਜਦੋਂ ਘਰੋਂ ਤੁਰਿਆ ਸੀ ਤਾਂ ਇਹਦੀ ਸ੍ਰੀਮਤੀ ਦੀ ਅੱਖ ਲੱਗੀ ਸੀ।

**(ਚਲਦਾ)**

# ਆਓ ਜਾਣੀਏ !

ਇੰਜ. ਪਰਮਿੰਦਰਜੀਤ ਸਿੰਘ
ਐਡੀਸ਼ਨਲ ਚੀਫ਼ ਐਡੀਟਰ

1. ਸਿੱਖਾਂ ਦੀ ਮਹਾਨ ਸੰਸਥਾ 'ਦਲ ਖ਼ਾਲਸਾ' ਦਾ ਸੰਗਠਨ ਕਿਸ ਦੇ ਸੁਝਾਅ 'ਤੇ ਕੀਤਾ ਗਿਆ?
   (ੳ) ਗੁਰੂ ਗੋਬਿੰਦ ਸਿੰਘ (ਅ) ਨਵਾਬ ਕਪੂਰ ਸਿੰਘ
   (ੲ) ਗੁਰੂ ਹਰਿਗੋਬਿੰਦ ਸਾਹਿਬ (ਸ) ਬੰਦਾ ਬਹਾਦਰ (ਅ)
2. ਦਲ ਖ਼ਾਲਸਾ ਦਾ ਪ੍ਰਧਾਨ ਸੈਨਾਪਤੀ ਕਿਸ ਨੂੰ ਚੁਣਿਆ ਗਿਆ?
   (ੳ) ਜੱਸਾ ਸਿੰਘ ਆਹਲੂਵਾਲੀਆ (ਅ) ਨਵਾਬ ਕਪੂਰ ਸਿੰਘ
   (ੲ) ਨੋਧ ਸਿੰਘ (ਸ) ਗੁਲਾਬ ਸਿੰਘ (ੳ)
3. 'ਬੁੱਢਾ ਦਲ' ਅਤੇ 'ਤਰੁਣਾ ਦਲ' ਨਾਮੀ ਦਲਾਂ ਦਾ ਆਗੂ ਕੌਣ ਸੀ?
   (ੳ) ਬੰਦਾ ਬਹਾਦਰ (ਅ) ਨਵਾਬ ਕਪੂਰ ਸਿੰਘ
   (ੲ) ਜੱਸਾ ਸਿੰਘ ਆਹਲੂਵਾਲੀਆ (ਸ) ਜੱਸਾ ਸਿੰਘ ਰਾਮਗੜ੍ਹੀਆ (ਅ)
4. ਮਹਾਰਾਜਾ ਰਣਜੀਤ ਸਿੰਘ ਦੀ ਰਾਜਧਾਨੀ ਕਿਹੜੀ ਸੀ?
   (ੳ) ਮੁਲਤਾਨ (ਅ) ਲਾਹੌਰ
   (ੲ) ਅੰਮ੍ਰਿਤਸਰ (ਸ) ਰਾਵਲਪਿੰਡੀ (ਅ)
5. ਬੰਦਾ ਬਹਾਦਰ ਦੀ ਸ਼ਹੀਦੀ ਕਿਸ ਮੁਗ਼ਲ ਬਾਦਸ਼ਾਹ ਦੇ ਆਦੇਸ਼ 'ਤੇ ਹੋਈ?
   (ੳ) ਔਰੰਗਜ਼ੇਬ (ਅ) ਬਹਾਦਰ ਸ਼ਾਹ
   (ੲ) ਜਹਾਂਦਾਰ ਸ਼ਾਹ (ਸ) ਫ਼ਰੁੱਖਸੀਅਰ (ਸ)
6. ਸਭ ਤੋਂ ਪਹਿਲਾਂ ਸਥਾਪਿਤ ਹੋਣ ਵਾਲੀ ਮਿਸਲ ਕਿਹੜੀ ਸੀ?
   (ੳ) ਸ਼ੁਕਰਚਕੀਆ (ਅ) ਫੈਜ਼ਲਪੁਰੀਆ
   (ੲ) ਭੰਗੀ (ਸ) ਫੁਲਕੀਆ (ਅ)
7. ਮਹਾਰਾਜਾ ਰਣਜੀਤ ਸਿੰਘ ਦਾ ਸਬੰਧ ਕਿਸ ਮਿਸਲ ਨਾਲ ਸੀ?
   (ੳ) ਭੰਗੀ ਮਿਸਲ ਨਾਲ (ਅ) ਫੁਲੀਕਆ ਮਿਸਲ ਨਾਲ
   (ੲ) ਰਾਮਗੜ੍ਹੀਆ ਮਿਸਲ ਨਾਲ (ਸ) ਸ਼ੁਕਰਚੱਕੀਆ ਮਿਸਲ ਨਾਲ (ਸ)
8. ਅੰਗਰੇਜ਼ਾਂ ਤੇ ਸਿੱਖਾਂ ਵਿਚਕਾਰ ਪਹਿਲੇ ਤੇ ਦੂਜੇ ਯੁੱਧ ਦੌਰਾਨ ਪੰਜਾਬ ਦਾ ਸ਼ਾਸ਼ਕ ਕੌਣ ਸੀ?
   (ੳ) ਰਣਜੀਤ ਸਿੰਘ (ਅ) ਦਲੀਪ ਸਿੰਘ
   (ੲ) ਦਿਵਾਨ ਮੂਲਰਾਜ (ਸ) ਇਹਨਾਂ ਵਿਚ ਕੋਈ ਨਹੀਂ (ਅ)
9. ਪੰਜਾਬ ਨੂੰ ਕਿਸ ਸਾਲ ਬਰਤਾਨਵੀ ਸਾਮਰਾਜ ਨਾਲ ਮਿਲਾਇਆ ਗਿਆ?
   (ੳ) 1847 ਈ. (ਅ) 1849 ਈ.
   (ੲ) 1850 ਈ. (ਸ) 1848 ਈ. (ਅ)
10. ਮਹਾਰਾਜਾ ਰਣਜੀਤ ਸਿੰਘ ਦੇ ਪਿਤਾ ਦਾ ਨਾਂ ਸੀ :
   (ੳ) ਚੜ੍ਹਤ ਸਿੰਘ (ਅ) ਮਹਾਂ ਸਿੰਘ
   (ੲ) ਰਾਜਪਤ ਸਿੰਘ (ਸ) ਗੁਰਬਖ਼ਸ਼ ਸਿੰਘ (ਅ)

# ਨਿਮਰਤਾ ਅਤੇ ਸਾਦਗੀ ਦੀ ਮੂਰਤ - ਸੰਤ ਹਜ਼ਾਰਾ ਸਿੰਘ ਜੀ



ਡੇਰਾ ਬਾਬਾ ਕਰਮ ਸਿੰਘ ਜੀ ਹੋਤੀ ਮਰਦਾਨ, ਤਹਿਸੀਲ ਭੁਲੱਥ, ਜ਼ਿਲ੍ਹਾ ਕਪੂਰਥਲੇ ਵਿਚ ਵਿਸ਼ਾਲ ਏਰੀਏ ਦਾ ਅਧਿਆਤਮਕ ਕੇਂਦਰ ਹੈ। ਇਸ ਡੇਰੇ ਨਾਲ ਸੰਬੰਧਿਤ ਸੱਚੇ ਗੱਦੀਨਸ਼ੀਨ, ਨਿਮਰਤਾ ਅਤੇ ਸਿਮਰਨ ਵਿਚ ਗੜੁੱਚ ਉੱਚ ਪਾਏ ਦੀਆਂ ਅਧਿਆਤਮਕ ਸ਼ਖ਼ਸ਼ੀਅਤਾਂ ਹੋਈਆਂ ਹਨ। ਇਸ ਵੇਲੇ ਵੀ ਗੱਦੀਨਸ਼ੀਨ ਸੰਤ ਰੌਸ਼ਨ ਸਿੰਘ ਮਸਕੀਨ ਜੀ ਨੇ ਆਪਣੀ ਵਡੇਰੀ ਉਮਰ ਹੋਣ ਦੇ ਬਾਵਜੂਦ ਵੀ ਆਪਣੇ ਨਿਤਨੇਮ ਨੂੰ ਕਾਇਮ ਰੱਖਿਆ ਹੋਇਆ ਹੈ ਅਤੇ ਇਹਨਾਂ ਦੀ ਰਹਿਨੁਮਾਈ ਥੱਲੇ ਸੰਤ ਹਜ਼ਾਰਾ ਸਿੰਘ ਜੀ ਨੇ ਆਪਣੀ ਜ਼ਿੰਦਗੀ ਦੌਰਾਨ ਬਹੁਤ ਨਿਵੇਕਲੇ ਕਾਰਜ ਕੀਤੇ ਸਨ। ਅੱਜ ਤੋਂ ਤਕਰੀਬਨ ਪੰਦਰਾਂ ਸਾਲ ਪਹਿਲਾਂ ਸੰਤ ਹਜ਼ਾਰਾ ਸਿੰਘ ਜੀ 11 ਦਸੰਬਰ 2008 ਨੂੰ ਇਸ ਹਯਾਤੀ ਤੋਂ ਕੂਚ ਕਰ ਗਏ ਸਨ ਅਤੇ ਥਈਉਹਨਾਂ ਦੇ ਸੰਗਤਾਂ ਪ੍ਰਤੀ ਅਥਾਹ ਪਿਆਰ ਅਤੇ ਸਨੇਹ ਦਾ ਪ੍ਰਤੱਖ ਨਜ਼ਾਰਾ ਉਸ ਵੇਲੇ ਦੇਖਣ ਨੂੰ ਮਿਲਿਆ ਜਦ ਅਥਾਹ ਗਿਣਤੀ ਵਿਚ ਜਨ ਸੈਲਾਬ ਨੇ ਸੰਤ ਹਜ਼ਾਰਾ ਸਿੰਘ ਜੀ ਦੀ ਮ੍ਰਿਤਕ ਦੇਹ ਨੂੰ ਬਿਆਸ ਦਰਿਆ ਜਲ ਪ੍ਰਵਾਹ ਕੀਤਾ। ਬਿਆਸ ਦਰਿਆ ਤੇ ਸ੍ਰੀ ਹਰਿਗੋਬਿੰਦਪੁਰ ਵਾਲੇ ਪੁਲ ਤੇ ਇਤਨੀ ਜ਼ਿਆਦਾ ਸੰਗਤ ਸੀ ਕਿ ਤਿਲ ਸੁੱਟਣ ਨੂੰ ਥਾਂ ਨਹੀਂ ਮਿਲ ਰਹੀ ਸੀ। ਨਿਮਰਤਾ, ਨਾਮ ਬਾਣੀ ਦੇ ਰਸੀਏ, ਸਾਦਗੀ ਦੀ ਸਿਖ਼ਰ, ਕਰਮਯੋਗੀ ਸੰਤ ਹਜ਼ਾਰਾ ਸਿੰਘ ਜੀ ਲੁਬਾਣਾ ਭਾਈਚਾਰੇ ਦੀ ਅਤਿ ਸਤਿਕਾਰਤ ਸ਼ਖ਼ਸ਼ੀਅਤ ਸਨ ਅਤੇ ਉਹਨਾਂ ਦੇ ਜੀਵਨ ਦਾ ਸੰਖੇਪ ਜਿਹਾ ਵਰਨਣ ਕਰਕੇ ਅਸੀਂ ਆਪਣੀ ਸ਼ਰਧਾ ਅਤੇ ਅਕੀਦਤ ਭੇਟ ਕਰ ਰਹੇ ਹਾਂ।

ਸੰਤ ਹਜ਼ਾਰਾ ਸਿੰਘ ਜੀ ਦਾ ਜਨਮ 23 ਮਾਰਚ, 1941 ਨੂੰ ਪਿੰਡ ਭਖੜੇਵਾਲੀ, ਤਹਿਸੀਲ ਖਾਰੀਆ, ਜ਼ਿਲ੍ਹਾ ਗੁਜਰਾਤ ਪਾਕਿਸਤਾਨ ਵਿਖੇ ਮਾਤਾ ਗੰਗਾ ਕੌਰ ਅਤੇ ਪਿਤਾ ਗੁਰਮੁਖ ਸਿੰਘ ਜੀ ਦੇ ਗ੍ਰਹਿ ਵਿਖੇ ਹੋਇਆ। ਆਪ ਜੀ ਤਿੰਨ ਭਰਾ ਅਤੇ ਦੋ ਭੈਣਾਂ ਸਨ ਅਤੇ ਇਹ ਸਮੁੱਚਾ ਪਰਿਵਾਰ ਸੰਨ 1947 ਈ. ਵਿਚ ਦੇਸ਼ ਦੀ ਵੰਡ ਉਪਰੰਤ ਪਿੰਡ ਡਾਲਾ, ਤਹਿਸੀਲ ਭੁਲੱਥ, ਜ਼ਿਲ੍ਹਾ ਕਪੂਰਥਲਾ ਵਿਖੇ ਆ ਵਸਿਆ। ਸੰਤ ਹਜ਼ਾਰਾ ਸਿੰਘ ਜੀ ਮੁੱਢਲੀ ਸਿੱਖਿਆ ਵੀ ਨਹੀਂ ਪ੍ਰਾਪਤ ਕਰ ਸਕੇ ਪਰ ਬਚਪਨ ਵਿਚ ਪਿੰਡ ਦੇ ਗੁਰਦੁਆਰਾ ਸਾਹਿਬ ਵਿਚ ਪਾਠ ਕਰਨਾ ਸ਼ੁਰੂ ਕਰ ਦਿੱਤਾ ਸੀ।

ਜਿਵੇਂ ਕਿ ਕੁਦਰਤ ਨੇ ਹਰ ਇਨਸਾਨ ਦੀ ਜ਼ਿੰਦਗੀ ਦਾ ਰਾਹ ਅਤੇ ਵਸੀਲੇ ਤੈਅ ਕੀਤੇ ਹੁੰਦੇ ਹਨ ਅਤੇ ਇਸੇ ਕਰਕੇ ਸੰਜੋਗੀ ਮੇਲੇ ਕਈ ਵਾਰ ਇਨਸਾਨ ਦੀ ਤਕਦੀਰ ਹੀ ਬਦਲ ਦਿੰਦੇ ਹਨ। ਸੰਤ ਹਜ਼ਾਰਾ ਸਿੰਘ ਜੀ ਨਾਲ ਵੀ ਅਜਿਹਾ ਹੀ ਹੋਇਆ ਕਿ ਇਨ੍ਹਾਂ ਪਿੰਡ ਡਾਲੇ ਦੇ ਨਜ਼ਦੀਕ ਹੀ ਡੇਰਾ ਬਾਬਾ ਕਰਮ ਸਿੰਘ ਹੋਤੀ ਮਰਦਾਨ ਪਿੰਡ ਮਕਸੂਦਪੁਰ ਵਿਖੇ ਸਥਿਤ ਸੀ ਅਤੇ ਉਸ ਸਮੇਂ ਅਧਿਆਤਮਕਤਾ ਦੀ ਸਿਖ਼ਰ ਬਾਬਾ ਮਾਝਾ ਸਿੰਘ ਜੀ ਗੱਦੀਨਸ਼ੀਨ ਸਨ। ਇਹਨਾਂ ਮਹਾਂਪੁਰਸ਼ਾਂ ਦਾ ਪਿੰਡ ਡਾਲੇ ਕਿਸੇ ਨਾ ਕਿਸੇ ਧਾਰਮਿਕ ਸਮਾਗਮ ਕਰਕੇ ਆਉਣਾ-ਜਾਣਾ ਰਹਿੰਦਾ ਸੀ ਅਤੇ ਸੰਤ ਹਜ਼ਾਰਾ ਸਿੰਘ ਦਾ ਸੰਤ ਮਾਝਾ ਸਿੰਘ ਜੀ ਪ੍ਰਤੀ ਅਥਾਹ ਸ਼ਰਧਾ ਸੀ ਅਤੇ ਅਖ਼ੀਰ ਸਬੱਬ ਇਹ ਬਣਿਆ ਕਿ ਸੰਤ ਮਾਝਾ ਸਿੰਘ ਜੀ ਨੇ ਪਰਿਵਾਰ ਤੋਂ ਮੰਗ ਕਰ ਸੰਤ ਹਜ਼ਾਰਾ ਸਿੰਘ ਜੀ ਨੂੰ ਆਪਣੇ ਡੇਰੇ ਲਈ ਗੋਦ ਲੈ ਲਿਆ। ਉਸ ਸਮੇਂ ਸੰਤ ਰੌਸ਼ਨ ਸਿੰਘ ਜੀ ਵੀ ਜਵਾਨ ਅਵਸਥਾ ਵਿਚ ਸਨ ਅਤੇ ਉਨ੍ਹਾਂ ਨੇ ਸੰਤ ਮਾਝਾ ਸਿੰਘ ਜੀ ਦੇ ਹੁਕਮ ਅਨੁਸਾਰ ਸੰਤ ਹਜ਼ਾਰਾ ਸਿੰਘ ਜੀ ਨੂੰ ਆਪ ਦੇ ਅੰਗ-ਸੰਗ ਕਰ ਲਿਆ। ਸਮਾਂ ਬੀਤਦਾ ਗਿਆ ਸੰਤ ਮਾਝਾ ਸਿੰਘ ਜੀ ਦੇ ਅਕਾਲ ਚਲਾਣੇ ਉਪਰੰਤ ਸੰਤ ਰੌਸ਼ਨ ਸਿੰਘ ਜੀ ਗੱਦੀਨਸ਼ੀਨ ਬਣੇ ਅਤੇ ਸੰਤ ਹਜ਼ਾਰਾ ਸਿੰਘ ਜੀ ਦੂਸਰੇ ਨੰਬਰ ਤੇ ਡੇਰਾ ਹੋਤੀ ਮਰਦਾਨ ਪਿੰਡ ਮਕਸੂਦਪੁਰ ਦੇ ਕਰਤਾ ਧਰਤਾ ਬਣੇ। ਸੰਤ ਹਜ਼ਾਰਾ ਸਿੰਘ ਜੀ ਨੇ ਮੁੱਖ ਰੂਪ ਵਿਚ ਡੇਰੇ ਅਧੀਨ ਸਾਰੀ ਜ਼ਮੀਨ ਦਾ ਕਾਰੋਬਾਰ ਸੰਭਾਲਿਆ ਅਤੇ ਖੇਤਾਂ ਵਿਚ ਕੰਮ ਕਰਦੇ ਸਮੇਂ ਇਨ੍ਹਾਂ ਦੀ ਇਕ ਅੱਖ ਤੀਲਾ ਵੱਜਣ ਨਾਲ ਸਦਾ ਲਈ ਖਰਾਬ ਹੋ ਗਈ। ਸਮੇਂ ਦੇ ਅਨੁਸਾਰ ਸੰਤ ਹਜ਼ਾਰਾ ਸਿੰਘ ਜੀ ਨੇ ਆਪਣਾ ਕੀਰਤਨੀ ਜਥਾ ਵੀ ਤਿਆਰ ਕਰ ਲਿਆ ਅਤੇ ਇਲਾਕੇ ਵਿਚ ਬਹੁਤੇ ਸਮਾਗਮਾਂ ਵਿਚ ਸੰਤ ਹਜ਼ਾਰਾ ਸਿੰਘ ਜੀ ਕਥਾ ਅਤੇ ਇਨ੍ਹਾਂ ਦਾ ਜਥਾ ਕੀਰਤਨ ਦੀ ਸੇਵਾ ਕਰਦੇ ਸਨ। ਸੰਤ ਹਜ਼ਾਰਾ ਸਿੰਘ ਜੀ ਨੇ ਪੂਰੀ ਤਨਦੇਹੀ ਨਾਲ ਡੇਰੇ ਨਾਲ ਸੰਬੰਧਿਤ ਇਮਾਰਤਾਂ ਦਾ ਨਿਰਮਾਣ ਅਤੇ ਵਿਦਿਅਕ ਅਦਾਰਿਆਂ ਦੀ ਸੇਵਾ ਸੰਭਾਲ ਕੀਤੀ। ਸਮੁੱਚੇ ਇਲਾਕੇ ਅਤੇ ਵਿਸ਼ੇਸ਼ ਕਰਕੇ ਲੁਬਾਣਾ ਭਾਈਚਾਰੇ ਵਿਚ ਸੰਤ ਹਜ਼ਾਰਾ ਸਿੰਘ ਜੀ ਦਾ ਪੂਰਨ ਸਤਿਕਾਰ ਸੀ ਅਤੇ ਇਨ੍ਹਾਂ ਦੇ ਹੁਕਮ ਨੂੰ ਸੰਗਤ ਖਿੜੇ ਮੱਥੇ ਕਬੂਲਦੀ ਸੀ।

ਡੇਰੇ ਦੇ ਕਿਸੇ ਕਾਰਜ ਕਰਕੇ ਸੰਤ ਹਜ਼ਾਰਾ ਸਿੰਘ ਜੀ ਨਵੰਬਰ 2008 ਵਿਚ ਦਿੱਲੀ ਗਏ ਅਤੇ ਉਥੇ ਜ਼ਿਆਦਾ ਦੌੜ ਭੱਜ ਕਾਰਨ ਅਚਾਨਕ ਗੰਭੀਰ ਸਥਿਤੀ ਵਿਚ ਬੀਮਾਰ ਹੋ ਗਏ ਅਤੇ ਇਸ ਨਾ-ਮੁਰਾਦ ਬਿਮਾਰੀ ਕਾਰਨ 11 ਦਸੰਬਰ 2008 ਨੂੰ ਸਾਨੂੰ ਸਾਰਿਆਂ ਨੂੰ ਅਲਵਿਦਾ ਕਹਿ ਗਏ। ਲੁਬਾਣਾ ਬਰਾਦਰੀ ਆਪਣੇ ਇਸ ਅਜ਼ੀਮ ਸ਼ਖ਼ਸ਼ੀਅਤ ਉੱਤੇ ਹਮੇਸ਼ਾ ਮਾਣ ਮਹਿਸੂਸ ਕਰਦੀ ਰਹੇਗੀ।

**ਵਿਸ਼ੇਸ਼ ਧੰਨਵਾਦ**

**ਭਗਵਾਨ ਸਿੰਘ ਲੁਬਾਣਾ**

# ਵੂਲਗੂਲਗਾ (ਆਸਟ੍ਰੇਲੀਆ) —

**ਇੰਜ. ਐਨ.ਐਸ. ਵਿਰਕ**
**ਸਾਬਕਾ ਚੀਫ਼ ਇੰਜ. (ਬਰੂ ਸਾਹਿਬ), ਮੁਹਾਲੀ**
**ਮੋ. 9878957595**




ਮੇਰਾ ਬਚਪਨ ਦਾ ਦੋਸਤ ਅਕਸਰ ਚਿੱਠੀਆਂ ਲਿਖਦਾ ਰਹਿੰਦਾ ਕਿ ਉਸ ਦੇ ਮਾਪੇ ਵਰਲਡ ਵਾਰ-2 ਤੋਂ ਬਾਅਦ ਆਸਟ੍ਰੇਲੀਆ ਸਰਕਾਰ ਦੀ ਕਿਸਾਨਾਂ ਦੀ ਜ਼ਰੂਰਤ ਪਤਾ ਹੋਣ ਤੇ ਵੂਲਗੂਲਗਾ ਨਾਮ ਦੀ ਜਗ੍ਹਾ ਤੇ ਆ ਵਸੇ। ਵੂਲਗੂਲਗਾ ਸਿਡਨੀ ਤੋਂ ਤਕਰੀਬਨ 550 ਕਿਲੋਮੀਟਰ ਉੱਤਰ ਵੱਲ ਸਮੁੰਦਰ ਕਿਨਾਰੇ ਵੱਸਿਆ ਪੰਜਾਬੀ ਪਿੰਡ ਹੈ, ਜ਼ਿਆਦਾਤਰ ਪੰਜਾਬੀ ਹੀ ਰਹਿੰਦੇ ਹਨ। ਉਹਨਾਂ ਨੇ ਆਪਣੀ ਲਗਨ, ਮਿਹਨਤ ਤੇ ਕਿਰਤ ਕਰੋ ਨਾਮ ਜਪੋ ਵੰਡ ਛਕੋ ਅਸੂਲਾਂ ਸਦਕਾ ਆਪਣਾ ਕੇਸਰੀ ਝੰਡਾ ਬੁਲੰਦ ਕੀਤਾ। ਮੁੱਖ ਕਿੱਤਾ ਕਿਸਾਨੀ ਹੈ। ਕੇਲਿਆਂ ਦੇ ਵੱਡੇ-ਵੱਡੇ ਬਗੀਚੇ ਹਨ। ਇਸੇ ਕਰਕੇ ਇਸਨੂੰ ਕੇਲਿਆਂ ਦਾ ਪਿੰਡ ਕਰਕੇ ਵੀ ਪੁਕਾਰਿਆ ਜਾਂਦਾ ਹੈ। ਇਥੇ ਉਪਜਾਊ ਧਰਤੀ ਵਾਲੀ ਜਗ੍ਹਾ ਤੇ ਬਲਿਓ ਬੇਰੀ ਤੇ ਕਈ ਹੋਰ ਫਲ, ਫਸਲਾਂ ਉਗਾਈਆਂ ਜਾਂਦੀਆਂ ਹਨ। ਗਊਆਂ, ਭੇਡਾਂ, ਬੱਕਰੀਆਂ ਤੇ ਹੋਰ ਪਸ਼ੂਆਂ ਦੇ ਵੱਡੇ-ਵੱਡੇ ਫਾਰਮ ਹਨ ਦੁੱਧ ਦੀਆਂ ਡੇਅਰੀਆਂ ਹਨ।

ਆਸਟ੍ਰੇਲੀਆ ਵਿਕਾਸ ਦੇਸ਼ਾਂ ਵਿਚੋਂ 6 ਨੰਬਰ ਤੇ ਆਉਂਦਾ ਹੈ। ਅਬਾਦੀ ਸਿਰਫ਼ 3 ਕਰੋੜ ਤੇ ਖੇਤਰਫਲ ਮੇਰੇ ਭਾਰਤ ਮਹਾਨ ਨਾਲੋਂ ਢਾਈ ਗੁਣਾਂ ਤੋਂ ਵੱਧ ਹੈ। ਬੱਚਿਆਂ ਦੀ ਪੜ੍ਹਾਈ ਬਾਰੇ ਆਸਟ੍ਰੇਲੀਆ ਦੀ ਵਿਲੱਖਣਤਾ ਹੈ ਕਿ ਬੱਚੇ ਬਸਤਿਆਂ ਦੇ ਬੋਚ ਤੋਂ ਮੁਕਤ ਹਨ। ਬੱਚਿਆਂ ਦੀਆਂ ਕਿਤਾਬਾਂ, ਕਾਪੀਆਂ ਕਲਾਸ ਰੂਮ ਵਿਚ ਹੀ ਬਣੀਆਂ ਅਲਮਾਰੀਆਂ ਵਿਚ ਸੰਭਾਲੀਆਂ ਜਾਂਦੀਆਂ ਹਨ। ਬੱਚੇ ਸਿਰਫ਼ ਘਰ ਤੋਂ ਟਿਫਨ, ਪੈਨ ਜਾਂ ਪੈਨਸ਼ਲ, ਇਕ ਕਾਪੀ ਲੈ ਕੇ ਸਕੂਲ ਆਉਂਦੇ ਹਨ। ਇਥੋਂ ਦੇ ਵਾਸੀਆਂ ਵਿਚ ਇਕ ਦੂਜੇ ਤੇ ਵਿਸ਼ਵਾਸ਼ ਕਰਨ ਦੀ ਰੁਚੀ ਹੈ।

ਇਥੇ ਸੀਨੀਅਰ ਸਿਟੀਜ਼ਨ ਨੂੰ ਕਾਫੀ ਆਦਰਯੋਗ ਸ਼ਹਿਰੀ ਮੰਨਦੇ ਇਹਨਾਂ ਦੀਆਂ ਲੋੜਾਂ ਦੀ ਪੂਰਤੀ ਲਈ ਸਰਕਾਰ ਵਚਨਬੱਧ ਹੈ। ਇਹਨਾਂ ਦੇ ਮਨ ਪਰਚਾਪੇ ਵਾਸਤੇ ਸੀਨੀਅਰ ਸਿਟੀਜ਼ਨ ਕਲੱਬ ਹਨ ਭਾਵੇਂ ਸੇਵਾ ਮੁਕਤੀ 65 ਸਾਲ ਤੇ ਹੁੰਦੀ ਹੈ ਪਰ ਸਿਹਤ ਠੀਕ ਹੋਣ ਕਰਕੇ ਲੋਕ 70 ਸਾਲ ਤੱਕ ਕੰਮ ਕਰਦੇ ਰਹਿੰਦੇ ਹਨ। ਆਸਟ੍ਰੇਲੀਆ ਨਿਵਾਸੀ ਕਈ ਦੇਸ਼ਾਂ ਤੋਂ ਆਏ ਪ੍ਰਵਾਸੀ ਪੰਜਾਬੀਆਂ ਨਾਲ ਤਾਲਮੇਲ ਕਰਕੇ ਅਤਿਅੰਤ ਖੁਸ਼ ਹੁੰਦੇ ਹਨ।

ਆਸਟ੍ਰੇਲੀਆ ਬਾਰੇ ਗੀਤ ਗਾਉਂਦੇ, ਵਾਰ-ਵਾਰ ਚਿੱਠੀਆਂ ਤੋਂ ਦਾਸ ਤੰਗ ਹੋ ਗਿਆ ਤੇ ਬੋਲਿਆ ਕਿ ਬੱਚੇ ਵਧੀਆ ਨੌਕਰੀਆਂ ਤੇ ਲੱਗੇ ਆਪਣੇ-ਆਪਣੇ ਪਰਿਵਾਰਕ ਮੈਂਬਰਾਂ ਨਾਲ ਆਨੰਦਮਈ ਵਧੀਆ ਜ਼ਿੰਦਗੀ ਬਤੀਤ ਕਰ ਰਹੇ ਹਨ। ਘਰ ਦੇ ਹਰ ਕਮਰੇ ਵਿਚ ਏ.ਸੀ. ਲੱਗੇ ਹਨ। ਭਾਈਚਾਰਾ ਸਾਂਝ ਕਰਦੇ ਹੋਏ ਖੁੰਡ ਚਰਚਾ ਕਰਦੇ ਹੋਏ ਵਧੀਆ ਟਾਇਮ ਪਾਸ ਹੁੰਦਾ ਹੈ। ਜੜ੍ਹ ਤੋਂ ਪੁੱਟ ਕੇ ਨਵੀਂ ਜਗ੍ਹਾ ਤੇ ਜਾਣਾ ਖਾਲਾ ਜੀ ਦਾ ਵਾੜਾ ਨਹੀਂ - ਖਰਚ ਕਰਨਾ ਪੈਣਾ।


ਅੱਜ ਸਵੇਰੇ ਸਵੇਰੇ ਮੈਨੂੰ ਪਿੰਡੋਂ ਟੈਲੀਫ਼ੋਨ ਆਇਆ - ਗੁਆਂਢੀ ਵਸਾਖਾ ਸਿੰਘ ਦਾ ਪੋਤਰਾ 8 ਸਾਲ ਉਮਰ ਵੱਧਦੇ ਟ੍ਰੈਫਿਕ/ਪ੍ਰਦੂਸ਼ਿਤ ਹਵਾ ਨਾਲ ਫੇਫੜੇ ਕਾਲੇ ਹੋਣ ਤੇ ਪ੍ਰਮਾਤਮਾ ਦੇ ਲੜ ਲੱਗ ਗਿਆ। ਤੁਰੰਤ ਮੈਂ ਪਿੰਡ ਜਾਣ ਦੀ ਸੋਚ ਲੀ। ਉਥੇ ਗਰਾਈਆਂ ਤੋਂ ਪਤਾ ਚਲਿਆ ਕਿ ਜੈਵਿਕ ਖੇਤੀ ਨਾਲ ਉਗਾਈਆਂ ਸਬਜ਼ੀਆਂ/ਫਲ ਭਈਏ ਸਾਨੂੰ ਨਹੀਂ ਦਿੰਦੇ ਰਹੇ ਉਹ ਲਾਲਚ ਵਿਚ ਆ ਕੇ ਜੈਵਿਕ ਖੇਤੀ ਨਾਲ ਉਗਾਈਆਂ ਸਬਜ਼ੀਆਂ/ਫਲ ਨੂੰ ਨਜ਼ਦੀਕ ਲੋਕਾਂ ਨੂੰ ਵੇਚ ਕੇ ਸਾਨੂੰ ਟੀਕੇ ਲਾ ਕ ਵੱਡੀਆਂ ਕੀਤੀਆਂ ਸਬਜ਼ੀਆਂ ਦਿੰਦੇ ਰਹੇ।

ਜਾਨ ਹੈ ਤਾਂ ਜਹਾਨ ਹੈ - ਸੋਚ ਨਾਲ ਤੁਰੰਤ ਦਾਸ ਨਾਲ ਅਪਣੇ ਦੋਸਤ ਨੂੰ ਆਸਟ੍ਰੇਲੀਆ ਜਾਣ ਵਾਸਤੇ ਹਾਂ ਕਰ ਦਿੱਤੀ।

**ਵੱਲੋਂ - ਗੁਰਚਰਨ ਸਿੰਘ**
**ਸੀ. ਮੀਤ ਪ੍ਰਧਾਨ**

# ਵਿਛੋੜਾ

**ਇੰਜ. ਅਮਰੀਕ ਸਿੰਘ**
**ਸ਼ਿਕਾਗੋ**
**ਸਾਬਕਾ ਮੈਂਬਰ**
**ਬੀ.ਬੀ.ਐਮ.ਬੀ.**



ਸਰਦੀ ਦੀ ਰੁਤ, ਮਹੀਨਾ ਦਸੰਬਰ। ਸਵੇਰੇ ਜਾਗ ਰਿਹਾ ਸੀ ਪਰ ਜੀਅ ਨਾ ਕੀਤਾ ਉਠਣ ਤੇ। ਇਕ ਛੋਟਾ ਜਿਹਾ ਠੌਂਕਾ ਲਗਾ ਕੇ ਜਾਗ ਪਿਆ। ਜਾਗੋ- ਮੀਟੀ ਹਾਲਤ ਸੀ ਕੇ ਕੋਈ ਕਮਰੇ ਵਿਚ ਵੜਿਆ। ਸੁਰਜੀਤ ਸੀ—ਪਰ ਉਹ ਤਾਂ ਮਰ ਚੁੱਕੀ ਸੀ ਫਿਰ ਕਿਧਰੋ ਆ ਗਈ ਅੱਖੀਆਂ ਸਤਾਰਿਆਂ ਵਾਂਗ ਜਗਮਗਾਦੀ, ਮੂੰਹ ਹਨੇਰੇ ਵਿਚ ਚਮਕਿਆ।ਉਸ ਨੂੰ ਵੇਖ ਮੈਂ ਵਿਛੋੜੇ ਦਾ ਦਰਦ ਦੱਸਿਆ।ਅੱਖਾਂ ਵਿਚੋਂ ਅੱਥਰੂ ਵਗ ਤੁਰੇ।ਬੜੀ ਦੇਰ ਬਾਦ ਸਾਥੀ ਨੂੰ ਵੇਖਿਆ ਸੀ।ਉਸ ਨੇ ਮੇਰੇ ਅੱਥਰੂ ਪੂੰਝੇ ਬੜੀ ਅਦਾਅ ਨਾਲ। ਸੁਰਜੀਤ ਸੁੰਦਰ ਅਤੇ ਜਵਾਨ ਵਖਾਈ ਦਿੱਤੀ। ਇਹੋ ਜਹੇ ਕੱਪੜੇ ਮੈਂ ਉਹਦੇ ਗਲ ਕਦੀ ਵੇਖੇ ਨਹੀਂ ਸਨ। ਇਸ ਵੇਲੇ ਸੁਰਜੀਤ ਸਾਊ ਤੋਂ ਸਾਊ ਇਸਤ੍ਰੀ ਨੂੰ ਮਾਤ ਪਾ ਰਹੀ ਸੀ। ਮੇਰੇ ਅੰਦਰ ਫਖਰ ਉਠ ਰਿਹਾ ਸੀ। ਮੇਰਾ ਦਿਲ ਖੁਸ਼ੀ ਨਾਲ ਤੇਜ ਧੜਕਿਆ।ਬਾਰੀ ਵਿਚੋਂ ਸਰ੍ਹੋਂ ਦੇ ਸੋਨੇ ਰੰਗੇ ਫੁਲ ਦਿਸਣ—ਅਤੇ ਤਰੇਲ ਦੇ ਚਿੱਟੇ ਮੋਤੀ—ਸੁਰਜੀਤ ਅਨਾਰਕਲੀ ਲੱਗ ਰਹੀ ਸੀ। ਮੇਰਾ ਗਮ ਸਿਖਰ ਤੇ ਪਹੁੰਚ ਗਿਆ ਅਤੇ ਅੱਖਾਂ ਹਮਦਰਦ ਸੁਰਜੀਤ ਵਲ ਟਿਕ ਟਿਕ ਕਰ ਵੇਖਣ।ਉਸਦੀ ਯਾਦ ਦਿਲ ਤੇ ਉਭਰ ਆਈ।ਉਸ ਦੀ ਫੋਟੋ ਬਟੂਏ ਵਿਚੋਂ ਕੱਢੀ; ਚਹਿਲ ਪੈਹਲ ਅਤੇ ਉਦਾਰਪਨ ਸਤਾਉਣ ਲੱਗਾ। ਕਮਰੇ ਦੇ ਹਨੇਰੇ ਵਿਚ ਉਹਦਾ ਮੂੰਹ; ਕਾਲੀਆਂ ਵੱਡੀਆਂ ਅੱਖਾਂ ਜਿਸ ਤਰ੍ਹਾਂ ਕੋਈ ਹਿਰਨੀ-ਮੱਥੇ ਤੇ ਅੱਖਾਂ ਵਿਚਕਾਰ ਬਿੰਦੀ; ਬੜੀ ਚੰਗੀ ਲੱਗੀ । ਮਸਤਕ ਬੜਾ ਪ੍ਰਭਾਵਸ਼ਾਲੀ— ਚੇਹਰੇ ਦੀ ਦਖ ਦੱਸਦੀ ਸੀ ਕਿ ਆਕਰਸ਼ਕ ਅਤੇ ਖੁਦਮੁਖਤਾਰ ਸ਼ਖਸ਼ੀਅਤ ਦੀ ਮਾਲਕ ਹੈ। ਉਸ ਦੀ ਟੁਪ ਟੁਪ ਤੇਜ ਚਾਲ; ਸਹਿਜ ਸੁਭਾਬੜੇ ਅੰਦਾਜ ਨਾਲ ਸੁਰਜੀਤ ਕੁਰਸੀ ਤੇ ਬੈਠ ਗਈ—ਮੇਰੇ ਵਲ ਤਕਿਆ।ਉਹ ਮੈਨੂੰ ਫੁਲ ਦੇਣ ਆਈ ਸੀ। ਉਹਦੇ ਹੱਥ ਵਿਚ ਸਤਾਰ ਸੀ, ਮਲਕੜੇ ਹੌਲੀ ਹੌਲੀ ਵਜਾਣਾ; ਲੰਬੇ ਵਾਲ ਖੁੱਲ੍ਹ ਗਏ ਅਤੇ ਹੇਕ ਨਾਲ ਕੁਝ ਗਾਇਆ, ਮੈਨੂੰ ਸਮਝ ਨਾ ਆਇਆ - ਮੇਰੀ ਖੁਸ਼ੀ ਦਾ ਕੋਈ ਮੇਚ ਬੰਨਾ ਨਹੀਂ ਸੀ।ਉਸ ਨੇ ਮੂੰਹ ਤੇ ਕੋਈ ਰੰਗ ਨਹੀਂ ਲਾਇਆ —ਮੂੰਹ ਸੂਰਜ ਦਾ ਟੁਕੜਾ—ਸੇਹਤ ਵੀ ਖੂਬਸੂਰਤ ਅਤੇ ਤਕੜੀ ਲੱਗੀ—ਨਕਸ਼ ਵੀ ਸੋਹਣੇ। ਬੇਗਰਜ਼ ਜਾਪੀ, ਹੁਸਨ, ਤਾਕਤ ਅਤੇ ਲਿਆਕਤ ਦੀ ਮਨਮੋਹਣੀ ਸ਼ਕਲ—ਮੁਸਕਰਾਹਟ ਸੋਹਣੀ—ਕੋਈ ਚਿੰਤਾ ਨਹੀ ਅਤੇ ਸ਼ੁਭ ਇੱਛਕ। ਜਿੰਨਾ ਵੀ ਮੈਂ ਉਸ ਨੂੰ ਵੇਖਦਾ ਉਹ ਮੇਰੀ ਆਤਮਾ ਵਿਚ ਰਚਦੀ ਜਾਂਦੀ। ਬਾਰੀ ਵਲੋਂ ਸੂਰਜ ਦੀਆਂ ਕਿਰਨਾਂ ਆ ਰਹੀਆਂ ਸਨ; ਜੀਤਾਂ ਚਾਨਣ ਵਿਚ ਬੈਠ ਗਈ, ਉਹਦਾ ਮੁਖੜਾ ਜਿਵੇਂ ਚੰਦ ਹੋਵੇ -ਉਹਦੇ ਵਲੋਂ ਖੁਸ਼ਬੂ ਆਈ—ਮੈਂ ਸਿਖਰ ਦੀ ਖੁਸ਼ੀ ਪਹੁੰਚ ਗਿਆ-ਮੇਰਾ ਦੀਵਾ ਨਕੋ-ਨਕ ਭਰ ਗਿਆ—ਲਟ ਲਟ ਲੋਅ ਵਰਣ ਲੱਗੀ—ਮੈਨੂੰ ਦੁਨੀਆਂ ਦਿਸੀ ਜਿਥੋ ਜੀਤਾਂ ਆਈ—ਮੈਂ ਖੁਸ਼ ਬੈਠਾ ਲਾਲੋ ਲਾਲ ਹੋ ਗਿਆ। ਜਦੋਂ ਹੀ ਜੀਤਾਂ ਚਾਨਣੇ ਦੇ ਵਿਚੋਂ ਨਿਕਲ ਕੇ ਥੱਲੇ ਬੈਠੀ-ਮੈਂ ਫਿਰ ਪਹਿਲੀ ਵਾਲੀ ਹਾਲਤ ਵਿਚ ਸੀ ਨਿੰਮੋਝੂਣਾ। ਜੀਤਾਂ ਕੀ ਦਸਾਂ ਤੇਰੇ ਬਾਦ ਬਹੁਤ ਕੁਝ ਬਦਲ ਗਿਆ ਹੈ। ਕਲ ਤੇਰੇ ਕਿਸੇ ਬੜੇ ਨਜ਼ਦੀਕੀ ਪਿਆਰੇ ਨੇ ਪਾਰਟੀ ਕੀਤੀ; ਮੈਂ ਤੈਨੂੰ ਬਹੁਤ ਯਾਦ ਕੀਤਾ। ਸਤਕਾਰ ਨਾਲ ਜੀਤਾਂ ਨੇ ਮੇਰੇ ਤੇ ਸਵਾਲ ਕੀਤਾ—ਤੂੰ ਨਵਾਂ ਵਿਆਹ ਕਿਉਂ ਨਹੀਂ ਕੀਤਾ?

ਔਰਤ ਤੋਂ ਬਿੰਨਾ ਤੇਰਾ ਘਰ ਉਜੜਿਆ ਪਿਆ ਹੈ। ਮਰਦਾਂ ਦਾ ਤਾਂ ਕੰਮ ਹੈ ਭੌਰਿਆਂ ਵਾਂਗ ਫੁਲਾਂ ਤੇ ਉਡਣਾ-ਤੂੰ ਕਿਸ ਤਰ੍ਹਾਂ ਦਾ ਮਰਦ ਹੈਂ? ਜਦੋਂ ਮੈਂ ਜਿਊਂਦੀ ਸੀ ਉਦੋਂ ਵੀ ਔਰਤ-ਵਰਤਾ ਤੇ ਹੁਣ ਵੀ। ਮਰਨ ਦੇ ਬਾਦ ਤਾਂ ਮੇਰੇ ਤੇਰੇ ਸਬੰਧ ਖਤਮ ਹੋ ਗਏ—ਤਾਂ ਤੂੰ ਬਿਨਾ ਝਿਜਕ ਦੇ ਵਿਆਹ ਕਰਾ ਸਕਦਾ ਸੀ। ਯਾਦ ਕਰ, ਮੈਂ ਬੀਮਾਰ ਸੀ, ਮਰਨਾ ਨੇੜੇ ਸੀ ਮੇਰਾ—ਉਦੋਂ ਮੈਂ ਤੇਰੇ ਨਜ਼ਦੀਕੀ ਦੋਸਤ ਨੂੰ ਕਿਹਾ ਸੀ ਇਸਦਾ ਵਿਆਹ ਕਿਸੇ ਚੰਗੀ ਨਾਰ ਨਾਲ ਕਰ ਦਿਉ। ਸੁਣਿਆ ਸੀ ਕਿ ਤੂੰ ਨਾਂਹ ਕਰ ਦਿੱਤੀ, ਦਸ ਕਿਉਂ?

ਸੁਣ ਸੋਹਣੀਏ, ਬੜੇ ਰਜੇ ਹੋਏ ਹੁਸਨਾਂ ਵਾਲੇ ਕਈ ਚੇਹਰੇ ਵੇਖੇ, ਗੌਹ ਨਾਲ ਤਕੇ-ਤੇਰੇ ਮਥੇ ਵਰਗਾ, ਤੇਰੇ ਨੈਣਾਂ ਜੈਸੇ, ਤੇਰੀ ਚਾਲ ਢਾਲ, ਤੇਰੇ ਮੂੰਹ ਵਰਗੇ, ਤੇਰੇ ਜੈਸੀਆਂ ਜ਼ੁਲਫਾਂ, ਤੇਰੇ ਜੈਸੇ ਸਿਰ ਵਾਲੀ, ਤੇਰੇ ਵਾਲੀ ਛਬ ਜੈਸੀ, ਤੇਰੇ ਜੈਸੀ ਗੱਲਬਾਤ ਕਰਨ ਵਾਲੀ- ਮੈਨੂੰ ਬਹੁਤ ਢੂੰਡਣ ਤੇ ਵੀ ਕੋਈ ਐਸਾ ਚੇਹਰਾ ਨਾ ਮਿਲਿਆ। ਮੇਰਾ ਖਾਸ ਖਿਆਲ ਰਖਿਆ ਤੂੰ ਕਿਉਂਕਿ ਤੇਨੂੰ ਪਤਾ ਸੀ ਕਿ ਮੈਂ ਦੁਨੀਆਂਦਾਰੀ ਨਿਭਾਉਣ ਵਿਚ ਸਿਆਨਾ ਨਹੀ ਹਾਂ। ਜੀਤਾਂ ਝੂਠ ਕਦੀ ਨਾ ਬੋਲੀ ਤੂੰ। ਤੇਰੇ ਭਾਈਚਾਰਕ ਸਦਕਾ ਜੀਵਨ ਦੇ ਪਾਣੀਆਂ ਥਲੇ ਦੀ ਮਿੱਟੀ ਵਿਚ ਕਮਲ ਦੇ ਫੁਲ ਖਿਲਦੇ ਰਹੇ। ਤੂੰ ਮੇਰੀ ਹਮਦਰਦ- ਮੇਰੇ ਨਾਲ ਪਿਆਰ ਅਤੇ ਚੰਗਾ ਸਲੂਕ ਕੀਤਾ ਤੂੰ। ਸਚੇ ਪਰ ਬੜਬੋਲੇ ਲੋਕ ਜੋ ਦੂਸਰਿਆਂ ਨਾਲ ਝਟ ਖਹਿਬੜ ਪੈਂਦੇ ਤੇਰੇ ਕੋਲ ਆ ਕੇ ਅਪਨਾ ਮੰਨ ਫੋਲਦੇ ਅਜ ਫਲਾਣੇ ਨਾਲ ਬਹਿਸ ਹੋ ਗਈ ਅਤੇ ਫਲਾਣੇ ਨਾਲ ਲੜਾਈ ਵਗੈਰਾ। ਜੀਤਾਂ ਅਤੇ ਸਾਡੀ ਮਾਂ ਦੀ ਆਪਸ ਵਿਚ ਬਹੁਤ

ਬਣਦੀ, ਮੈਂ ਖੁਸ਼ ਹੁੰਦਾ। ਤੇਰਾ ਇਸ਼ਕ ਈਮਾਨ ਮੇਰੇ ਕੋਲ ਸੀ; ਮੈਂ ਬਿਲਕੁਲ ਤੇਰੇ ਵਰਗੀ ਨੂੰ ਹੀ ਸਾਥੀ ਬਨਾਣਾ ਚਾਹੁੰਦਾ ਸੀ। ਪਰ ਕਾਸ਼! ਕੋਈ ਤੇਰੇ ਜੈਸਾ ਚੰਗਾ ਨਾ ਲਗਾ। ਹੋਰ ਕਿਸੇ ਗੈਰ ਨੂੰ ਘਰ ਵਿਚ ਲਿਆਣਾ ਗੁਆਰਾ ਨਾਂ ਸਮਝਿਆ। ਇਸ ਕਰ ਕੇ ਇਕਲਾ।

ਮੈਨੂੰ ਮਰੀ ਨੂੰ ਪੰਦਰਵਾਂ ਸਾਲ ਲਗ ਗਿਆ ਏ; ਤੂੰ ਕਿਉਂ ਨਹੀਂ ਭੁਲਿਆ?

ਪਤਾ ਹੈ— ਮੈਂ ਨਵੀਂ ਦੁਨੀਆਂ ਵਿਚ ਖੁਸ਼ ਹਾਂ ਪਰ ਮੇਰੇ ਜੀਵਨ ਚਾਲ ਵਿਚ ਬਰੇਕਾਂ ਲੱਗਦੀਆਂ ਹਨ। ਕਿਉਂਕਿ ਮੈਨੂੰ ਕੋਈ ਯਾਦ ਕਰਦਾ ਹੈ; ਉਹ ਤੂੰ ਹੀ ਹੈਂ ਅਤੇ ਇਸ ਕਰਕੇ ਬੜੀ ਮੁਸ਼ਕਲ ਨਾਲ ਮੈਂ ਇਥੇ ਤੇਰੇ ਕੋਲ ਆਈ ਹਾਂ। ਹੁਣ ਤੂੰ ਦਸ ਕਿਉਂ ਨਹੀਂ ਤੂੰ ਮੈਨੂੰ ਵਿਸਾਰਦਾ; ਮੈਂ ਤੇ ਏਨੀ ਸੋਹਣੀ ਵੀ ਨਹੀ ਸੀ।

ਤੈਨੂੰ ਮੈਂ ਦਸਿਆ—ਤੇਰੇ ਜੈਸੀ ਮੈਨੂੰ ਕੋਈ ਨਹੀਂ ਲੱਭੀ। ਤੈਨੂੰ ਮੈਂ ਧੋਖਾ ਨਹੀਂ ਦੇਣਾ ਚਾਹੁੰਦਾ ਸੀ। ਤੇਰਾ ਇਸ਼ਕ ਈਮਾਨ ਕਿਸੇ ਹੋਰ ਨੂੰ ਨਹੀਂ ਦੇਣਾ ਚਾਹਿਆ—ਕਈ ਵਾਰ ਮੇਰੇ ਨੈਣਾਂ ਵਿਚੋਂ ਖਾਰੇ ਪਾਣੀ ਨਿਕਲੇ-ਮੈਂ ਹਲਕਾ ਹੋਇਆ—ਤੇਰੀ ਯਾਦ ਵਿਚ ਵੈਹ ਤੁਰਦੇ ਅੱਥਰੂ।—ਸੁਪਨੇ ਵੀ ਤੇਰੇ ਆਉਂਦੇ ਨੇ—ਜਾਪਦਾ ਤੂੰ ਜਿਊਂਦੀ ਹੈਂ —ਬਿਸਤਰ ਤੇ ਹੱਥ ਫੇਰਦਾਂ—ਤੂੰ ਨਾ ਹੁੰਦੀ। ਲਗਦਾ ਚਲੀ ਗਈ—ਹੁਣੇ ਆਈ ਸੀ।

ਜੀਤਾਂ ਨੇ ਕਿਹਾ-ਉਹ! ਝਲੇ ਬੰਦੇ ਤੂੰ ਕਿਉਂ ਨਹੀਂ ਸਮਝਦਾ, ਸਾਰੇ ਮੂੰਹ ਮਲਾਹਜੇ ਜਿਊਂਦਿਆਂ ਦੇ-ਮੋਇਆਂ ਨੂੰ ਸਭ ਭੁਲ ਜਾਂਦੇ ਨੇ। ਕਿਉਂ ਸਖ਼ਤ ਜ਼ਿੰਦਗੀ ਬਣਾ ਰੱਖੀ ਤੂੰ, ਕਿਉਂ ਫੁੱਲਾਂ ਦੀ ਨਵੀਂ ਜ਼ਿੰਦਗੀ ਨਹੀਂ ਬਣਾਂਦਾ-ਮੈਂ ਆਈ ਹਾਂ ਬੜੀ ਮੁਸ਼ਕਲ ਨਾਲ ਕੋਲ ਤੇਰੇ—ਜਵਾਬ ਦੇ ਅੱਖਾਂ ਤੋਂ ਪੱਟੀ ਉਤਾਰ— ਦਸ ਕਦੋਂ ਉਤਾਰੇਂਗਾ? ਕਦੋਂ ਤੱਕ ਸੋਗੀ ਬਣਿਆ ਰਹੇਂਗਾ?

ਕਦੋਂ ਤੱਕ ਯਾਦਾਂ ਦੇ ਆਸਰੇ ਰਵੇਂਗਾ?

ਕਦੋਂ ਤੱਕ ਅੱਖੀਆਂ ਲਾਈਆਂ ਨੂੰ ਨਹੀਂ ਭੁਲੇਂਗਾ?

ਮੇਰੇ ਮਾਹੀਆ! ਕੀ ਆਂਖਾਂ ਤੂੰ ਕਾਹਦਾ ਬਣਿਆ ਹੈ।

ਚੌਦਾਂ ਸਾਲਾਂ ਲੰਘ ਗਏ— ਤੇਰੀ ਜੀਤਾਂ ਗਈ ਨੂੰ। ਉਹਦਾ ਨਾਂਅ ਸੁਣ ਫਿਰ ਵੈਹਣ ਵਗ ਨਿਕਲੇ। ਗਮ ਦਾ ਇਕ ਹੁਲਾਰਾ ਨਸ਼ੇ ਵਰਗਾ ਆਇਆ।

ਜੀਤਾਂ ਨੇ ਮੈਨੂੰ ਬਾਂਹਾਂ ਵਿਚ ਲੈ ਲਿਆ—ਮੈਂ ਵੀ ਕੰਬਦੇ ਕੰਬਦੇ ਬਾਹਾਂ ਖਿਲਾਰ ਦਿੱਤੀਆਂ—ਉਸ ਦਾ ਰੂਪ ਮੇਰੇ ਹੱਥ ਨਾ ਆਇਆ— ਮੈਂ ਫਰਸ਼ ਤੇ ਠਾਹ ਡਿੱਗ ਪਿਆ। ਮੋਹ ਨੇ ਹਾਰ ਮੰਨ ਲਈ-ਜੀਤਾਂ ਚਲੀ ਗਈ। ਪਰ ਤਰਲਾ ਕੋਈ ਨਹੀਂ—ਅਣਵਗੇ ਅੱਥਰੂ ਸਨ—ਰੋਣਾ ਕੋਈ ਨਹੀਂ—ਗਮ ਹੈ—ਰੰਜ ਹੈ—ਨਕਸ਼ਾਂ ਦਾ ਵਿਗਾੜ ਕੋਈ ਨਹੀਂ—ਸਗੋਂ ਚੇਹਰਾ ਅਡੋਲ ਚੁਪ ਹੈ। ਲਿਆਂਦੇ ਫੁੱਲ ਘਰ ਵਿਚ ਬੜੀ ਤਰਤੀਬ ਨਾਲ ਖਿਲਾਰੇ ਹੋਣਗੇ ਉਸਨੇ। ਜਾਂਦੀ ਹੋਈ ਜੀਤਾਂ ਦੀ ਮਧੁਰ ਅਵਾਜ਼ ਕੰਨਾਂ ਵਿਚ ਪਈ;

ਮਰਿਆਂ ਨੂੰ ਯਾਦ ਕਰਨਾ ਪਾਪ ਹੈ। ਇਹ ਪਾਪ ਨਾ ਕਮਾਅ।

**ਦਸੰਬਰ** 2, 2023

● ● ●

# ਗੰਭੀਰ ਸਮੱਸਿਆ ਬਣ ਰਿਹਾ ਹੈ - ਮੋਬਾਇਲ

ਮਾਤਾ ਪਿਤਾ ਵਿਚ ਦਰਾੜ ਪੈਦਾ ਕਰ ਰਿਹਾ ਹੈ ਮੋਬਾਇਲ। ਮੋਬਾਇਲ ਦੀ ਲਤ ਇਸ ਕਦਰ ਭਾਰੀ ਹੋ ਗਈ ਹੈ ਕਿ ਬੱਚਿਆਂ ਕੋਲੋਂ ਮੋਬਾਇਲ ਖੋਹਣ 'ਤੇ ਆਤਮ ਹੱਤਿਆ ਦੀ ਧਮਕੀ ਮਿਲ ਰਹੀ ਹੈ। ਏਨਾ ਹੀ ਨਹੀਂ ਮਾਤਾ-ਪਿਤਾ 'ਤੇ ਸ਼ੋਸ਼ਣ ਦਾ ਇਲਜ਼ਾਮ ਲਗਾ ਕੇ ਅਦਾਲਤ ਵਿਚ ਖੜ੍ਹੇ ਕਰਕੇ ਸਜ਼ਾ ਦਿਵਾਉਣ ਤੱਕ ਨੌਬਤ ਆ ਗਈ ਹੈ। ਪੂਰੇ ਦੇਸ਼ ਵਿਚ ਇਹ ਸਮੱਸਿਆ ਇਕ ਭਿਆਨਕ ਬਿਮਾਰੀ ਵਾਂਗ ਫੈਲ ਚੁੱਕੀ ਹੈ। ਹਰ ਮਹੀਨੇ 10 ਤੋਂ 12 ਕੇਸ ਇਸ ਤਰ੍ਹਾਂ ਦੇ ਸਾਹਮਣੇ ਆ ਰਹੇ ਹਨ ਜਿਨ੍ਹਾਂ ਦੀ ਉਮਰ 14 ਸਾਲ ਤੋਂ ਘੱਟ ਹੈ ਉਨ੍ਹਾਂ ਕੋਲ ਮੋਬਾਇਲ ਦੀ ਲਤ ਇਸ ਤਰ੍ਹਾਂ ਹੈ ਜਿਵੇਂ ਨਸ਼ੇ ਦੀ ਲਤ ਲੱਗੀ ਹੋਵੇ। ਮੋਬਾਇਲ ਖੋਹਣ 'ਤੇ ਬੱਚੇ ਹਿੰਸਕ ਹੋ ਜਾਂਦੇ ਹਨ। ਕਈ ਮਾਮਲੇ ਐਸੇ ਸਾਹਮਣੇ ਆਏ ਹਨ ਕਿ ਬੱਚਿਆਂ ਨੇ ਆਪਣੇ ਮਾਤਾ-ਪਿਤਾ ਦੀ ਝੂਠੀ ਸ਼ਿਕਾਇਤ ਦਰਜ ਕਰਵਾਈ ਹੈ।


(1) ਪਿਤਾ 'ਤੇ ਸੋਸ਼ਣ ਦਾ ਇਲਜ਼ਾਮ।

(2) ਸਕੀ ਮਾਂ ਨੂੰ ਮਾਸੀ ਦੱਸ ਕੇ ਮਾਰ-ਪੀਟ ਦੀ ਸ਼ਿਕਾਇਤ।

(3) ਘਰ ਦਾ ਮਾਹੌਲ ਠੀਕ ਨਹੀਂ ਹੈ ਮੈਨੂੰ ਸੁਧਾਰ ਘਰ ਭੇਜ ਦਿਉ।

ਜਿਹੜੇ ਬੱਚਿਆਂ ਨੂੰ ਮੋਬਾਇਲ ਦੀ ਲਤ ਲੱਗ ਗਈ ਹੈ ਉਹ ਕਿਸੇ ਕਿਸਮ ਦੇ ਰਿਸ਼ਤੇ ਨੂੰ ਵੀ ਪਸੰਦ ਨਹੀਂ ਕਰਦੇ। ਮਾਪਿਆਂ ਨੂੰ ਬੱਚਿਆਂ ਨੂੰ ਸਮਾਂ ਦੇਣਾ ਚਾਹੀਦਾ ਹੈ ਅਤੇ ਆਪ ਵੀ ਇਸ ਦਲਦਲ ਵਿਚ ਖੁੱਭਣ ਤੋਂ ਬਚਣਾ ਚਾਹੀਦਾ ਹੈ।

# ਗੁਰਦੇ ਦੀ ਪੱਥਰੀ



ਅੱਜ ਕੱਲ੍ਹ ਗੁਰਦੇ ਦੀ ਪੱਥਰੀ ਦੇ ਮਾਮਲਿਆਂ ਵਿਚ ਤੇਜ਼ੀ ਨਾਲ ਵਾਧਾ ਦੇਖਿਆ ਤੇਜ਼ੀ ਨਾਲ ਵੱਧ ਰਹੀ ਹੈ ਗੁਰਦੇ 'ਚ ਪੱਥਰੀ ਦੀ ਬਿਮਾਰੀ ਜਾ ਰਿਹਾ ਹੈ। ਭਾਵੇਂ ਪੱਥਰੀ ਵਿਰਲੇ ਕੇਸਾਂ ਵਿਚ ਹੀ ਜਾਨਲੇਵਾ ਹੁੰਦੀ ਹੈ ਪਰ ਇਹ ਜ਼ਿਆਦਾ ਦਰਦ ਅਤੇ ਤਕਲੀਫ ਦਾ ਕਾਰਨ ਤਾਂ ਬਣਦੀ ਹੀ ਹੈ। ਯੂਰੋਲਾਜਿਸਟਸ ਦਾ ਮੰਨਣਾ ਹੈ ਕਿ ਪਹਿਲਾਂ ਲੋਕਾਂ ਵਿਚ ਆਮ ਤੌਰ 'ਤੇ 40 ਜਾਂ 50 ਸਾਲਾਂ ਤੱਕ ਹੀ ਪੱਥਰੀ ਦੇ ਮਾਮਲੇ ਦੇਖੇ ਜਾਂਦੇ ਸਨ ਪਰ ਹੁਣ 20 ਤੋਂ 30 ਸਾਲਾਂ ਦੇ ਨੌਜਵਾਨ ਵੀ ਤੇਜ਼ੀ ਨਾਲ ਪੱਥਰੀ ਦੀ ਲਪੇਟ ਵਿਚ ਆਉਂਦੇ ਜਾ ਰਹੇ ਹਨ, ਜਿੱਥੇ 12 ਫੀਸਦੀ ਮਰਦ ਅਤੇ 7 ਫੀਸਦੀ ਮਹਿਲਾਵਾਂ ਦੇ ਪੱਥਰੀ ਤੋਂ ਪੀੜਤ ਹੋਣ ਦੀਆਂ ਸੰਭਾਵਨਾਵਾਂ ਹੁੰਦੀਆਂ ਹਨ, ਉੱਥੇ ਹੁਣ ਮਾਹਿਰਾਂ ਦਾ ਕਹਿਣਾ ਹੈ ਕਿ ਮਹਿਲਾਵਾਂ ਦੇ ਪੱਥਰੀ ਤੋਂ ਪੀੜਤ ਹੋਣ ਦੀ ਦਰਦ ਵੀ ਤੇਜ਼ੀ ਨਾਲ ਵੱਧ ਰਹੀ ਹੈ।


ਇਕ ਹੋਰ ਚਿੰਤਾਜਨਕ ਤੱਥ ਸਾਹਮਣੇ ਆਇਆ ਹੈ ਕਿ ਜਿੱਥੇ ਪਹਿਲਾਂ ਗੁਰਦੇ ਦੀ ਪੱਥਰੀ ਬੱਚਿਆਂ ਵਿਚ ਬਹੁਤ ਘੱਟ ਹੀ ਦੇਖੀ ਜਾਂਦੀ ਸੀ, ਉੱਥੇ ਹੁਣ ਉਨ੍ਹਾਂ ਵਿਚ ਵੀ ਪੱਥਰੀ ਦੇ ਮਾਮਲੇ ਆਮ ਹੁੰਦੇ ਜਾ ਰਹੇ ਹਨ।

ਮਾਹਿਰ ਖਾਣ-ਪੀਣ ਦੀਆਂ ਬਦਲਦੀਆਂ ਆਦਤਾਂ ਅਤੇ ਮੋਟਾਪੇ ਨੂੰ ਹੀ ਗੁਰਦੇ ਦੀ ਪੱਥਰੀ ਦੇ ਵਧਦੇ ਮਾਮਲਿਆਂ ਦਾ ਸਭ ਤੋਂ ਵੱਡਾ ਦੋਸ਼ੀ ਮੰਨਦੇ ਹਨ। ਖਾਸ ਕਰਕੇ ਮਹਿਲਾਵਾਂ ਵਿਚ ਭਾਰ ਵੱਧਣ ਨਾਲ ਪੱਥਰੀ ਦਾ ਖਤਰਾ ਕਿਤੇ ਜ਼ਿਆਦਾ ਵੱਧ ਜਾਂਦਾ ਹੈ। ਇਕ ਖੋਜ ਤੋਂ ਪ੍ਰਾਪਤ ਸਿੱਟਿਆਂ ਅਨੁਸਾਰ ਜਿੱਥੇ ਲਗਪਗ 17 ਕਿਲੋ ਭਾਰ ਵੱਧਣ ਨਾਲ ਮਰਦਾਂ ਵਿਚ ਪੱਥਰੀ ਤੋਂ ਪੀੜਤ ਹੋਣ ਦਾ ਖਤਰਾ 40 ਫੀਸਦੀ ਤੱਕ ਵੱਧ ਜਾਂਦਾਹੈ, ਉੱਥੇ ਹੀ ਔਰਤਾਂ ਵਿਚ ਇਹ ਦਰ 80 ਫੀਸਦੀ ਹੈ।

**ਕਿਵੇਂ ਬਣਦੀ ਹੈ ਪੱਥਰੀ?** - ਪੱਥਰੀ ਉਦੋਂ ਬਣਦੀ ਹੈ ਜਦੋਂ ਪੇਸ਼ਾਬ ਵਿਚ ਮੌਜੂਦਾ ਕੁਝ ਤੱਤ ਸੰਘਣੇ ਹੋ ਕੇ ਕ੍ਰਿਸਟਲ ਦਾ ਰੂਪ ਲੈ ਲੈਂਦੇ ਹਨ। 75 ਫੀਸਦੀ ਪੱਥਰੀਆਂ ਕੈਲਸ਼ੀਅਮ ਦੇ ਆਕਸਾਲੇਟ ਨਾਲ ਮਿਸ਼ਰਿਤ ਹੋਣ 'ਤੇ ਬਣਦੀਆਂ ਹਨ। ਆਕਸਾਲੇਟ ਕੁਝ ਖਾਸ ਤਰ੍ਹਾਂ ਦੇ ਖਾਦ ਪਦਾਰਥਾਂ ਵਿਚ ਮੁੱਖ ਤੌਰ 'ਤੇ ਪਾਇਆ ਜਾਂਦਾ ਹੈ। ਇਸ ਤੋਂ ਇਲਾਵਾ ਹੋਰ ਦੇਖੀਆਂ ਜਾਣ ਵਾਲੀਆਂ ਪੱਥਰੀਆਂ ਵਿਚ ਕੈਲਸ਼ੀਅਮ ਫਾਸਫੇਟ ਸਟੋਨ ਅਤੇ ਯੂਰਿਕ ਐਸਿਡ ਸਟੋਨ ਸ਼ਾਮਿਲ ਹਨ।

**ਕਿਨ੍ਹਾਂ ਕਾਰਨਾਂ ਨਾਲ ਵੱਧਦਾ ਹੈ ਖਤਰਾ** - ਪੱਥਰੀ ਦਾ ਖਤਰਾ ਦੋ ਕਾਰਨਾਂ ਨਾਲ ਵੱਧ ਜਾਂਦਾ ਹੈ। ਪਹਿਲਾਂ ਹੈ ਪਾਣੀ ਘੱਟ ਪੀਣਾ ਤੇ ਦੂਜਾ ਸੋਡੀਅਮ ਯੁਕਤ ਖਾਦ ਪਦਾਰਥਾਂ ਦੀ ਜ਼ਿਆਦਾ ਮਾਤਰਾ 'ਚ ਵਰਤੋਂ। ਪੱਥਰੀ ਦਾ ਖਤਰਾ ਵਧਾਉਣ ਵਾਲੇ ਹੋਰ ਕਾਰਕਾਂ 'ਚ ਐਨੀਮਲ ਪ੍ਰੋਟੀਨ ਤੇ ਸਵੀਟਨਰਸ ਪਦਾਰਥਾਂ ਦਾ ਸ਼ਾਮਿਲ ਹੋਣਾ ਹੈ।

**ਗਲਤ ਧਾਰਨਾ** - ਕਈ ਲੋਕ ਸੋਚਦੇ ਹਨ ਕਿ ਡੇਅਰੀ ਉਤਪਾਦਾਂ ਦੀ ਘੱਟ ਵਰਤੋਂ ਕਰਕੇ ਪੱਥਰੀ ਤੋਂ ਬਚਿਆ ਜਾ ਸਕਦਾ ਹੈ ਪਰ ਇਹ ਧਾਰਨਾ ਗਲਤ ਹੈ। ਅਸਲ ਵਿਚ ਇਨ੍ਹਾਂ ਦੀ ਵਰਤੋਂ ਨਾਲ ਖਤਰਾ



ਘੱਟ ਹੁੰਦਾ ਹੈ। ਇਨ੍ਹਾਂ ਵਿਚ ਮੌਜੂਦਾ ਕੈਲਸ਼ੀਅਮ ਆਕਸਾਲੇਟ ਨੂੰ ਅੰਤੜੀਆਂ ਵਿਚ ਹੀ ਬੰਨ੍ਹ ਕੇ ਰੱਖਦਾ ਹੈ, ਜਿਸ ਕਾਰਨ ਇਹ ਪੇਸ਼ਾਬ ਵਿਚ ਦਾਖਲ ਨਹੀਂ ਹੋ ਸਕਦੇ ਅਤੇ ਪੱਥਰੀ ਨਹੀਂ ਬਣ ਸਕਦੀ।

ਕੁਝ ਲੋਕਾਂ ਦਾ ਮੰਨਣਾ ਹੈ ਕਿ ਜੇ ਤੁਹਾਡੇ ਗੁਰਦੇ ਵਿਚ ਕੈਲਸ਼ੀਅਮ ਸਟੋਨ ਹੈ ਤਾਂ ਤੁਹਾਨੂੰ ਕੈਲਸ਼ੀਅਮ ਦੀ ਵਰਤੋਂ ਬਿਲਕੁੱਲ ਘੱਟ ਕਰ ਦੇਣੀ ਚਾਹੀਦੀ ਹੈ, ਜਦਕਿ ਅਜਿਹਾ ਕਰਨਾ ਬਹੁਤ ਹੀ ਗਲਤ ਹੈ। ਉਂਝ ਵੱਖਰੇ ਤੌਰ 'ਤੇ ਕੈਲਸ਼ੀਅਮ ਸਪਲੀਮੈਂਟਸ ਦੀ ਵਰਤੋਂ ਕਰਨ ਨਾਲ ਪੱਥਰੀ ਦਾ ਖਤਰਾ ਵੱਧਦਾ ਦੇਖਿਆ ਗਿਆ ਹੈ। ਇਸ ਦਾ ਕਾਰਨ ਇਹ ਹੋ ਸਕਦਾ ਹੈ ਕਿ ਕੈਲਸ਼ੀਅਮ ਸਪਲੀਮੈਂਟਸ ਦੀ ਵਰਤੋਂ ਲੋਕ ਵੱਖਰੇ ਤੌਰ 'ਤੇ ਕਰਦੇ ਹਨ, ਨਾ ਕਿ ਖਾਣੇ ਦੇ ਨਾਲ। ਇਸ ਕਾਰਨ ਵੱਖਰੇ ਤੌਰ 'ਤੇ ਲਿਆ ਜਾਣਾ ਵਾਲਾ ਕੈਲਸ਼ੀਅਮ ਸਪਲੀਮੈਂਟਸ ਖਾਦ ਪਦਾਰਥਾਂ ਵਿਚ ਮੌਜੂਦ ਆਕਸਾਲੇਟ ਨੂੰ ਅੰਤੜੀਆਂ ਵਿਚ ਹੀ ਬੰਨ੍ਹ ਨਹੀਂ ਸਕਦਾ। ਇਨ੍ਹਾਂ ਤੋਂ ਬਿਨਾਂ ਆਕਸਾਲੇਟ ਵਿਚ ਕਮੀ ਆਏ ਸਰੀਰ ਵਿਚ ਕੈਲਸ਼ੀਅਮ ਦੀ ਮਾਤਰਾ ਵਿਚ ਵਾਧਾ ਹੁੰਦਾ ਹੈ।

ਇਸੇ ਤਰ੍ਹਾਂ ਜਿੱਥੇ ਵਿਟਾਮਿਨ 'ਸੀ' ਨਾਲ ਭਰਪੂਰ ਕੁਝ ਖੱਟੇ ਫਲ ਅਤੇ ਲੈਮੋਨੇਡ ਅਤੇ ਸੰਤਰੇ ਦੇ ਰਸ ਵਰਗੇ ਪੀਣ ਵਾਲੇ ਪਦਾਰਥ ਪੱਥਰੀ ਵਿਚ ਕਮੀ ਕਰਦੇ ਹਨ, ਉੱਥੇ ਹੀ ਵੱਖਰੇ ਤੌਰ 'ਤੇ ਲਏ ਗਏ ਵਿਟਾਮਿਨ 'ਸੀ' ਸਪਲੀਮੈਂਟ ਪੱਥਰੀ ਦੇ ਖਤਰੇ ਲਈਆਂ ਗਈਆਂ ਕੁਝ ਖਾਸ ਤਰ੍ਹਾਂ ਦੀਆਂ ਦਵਾਈਆਂ ਵੀ ਪੇਸ਼ਾਬ ਵਿਚ ਮੌਜੂਦ ਤੱਤਾਂ ਦੇ ਪੱਥਰ ਵਿਚ ਸੰਤੁਲਨ ਕਾਇਮ ਕਰਦੀਆਂ ਹਨ, ਇਸ ਨਾਲ ਪੱਥਰੀ ਨਹੀਂ ਬਣਦੀ।

**ਟੈਸਟ** - ਪੇਸ਼ਾਬ ਵਿਚ ਕਿਹੜੇ ਤੱਤ ਜ਼ਿਆਦਾ ਹਨ ਅਤੇ ਕਿਸ ਤਰ੍ਹਾਂ ਦੀ ਪੱਥਰੀ ਹੈ, ਇਹ ਜਾਣਨ ਲਈ ਪੱਥਰੀ ਕੱਢ ਕੇ ਉਸ ਦੀ ਜਾਂਚ ਕਰਨਾ ਜ਼ਰੂਰੀ ਹੈ। ਪੱਥਰੀ ਦੇ ਮਰੀਜ਼ਾਂ ਵਿਚ ਡਾਇਬਟੀਜ਼, ਹਾਈ ਬਲੱਡ ਪ੍ਰੈਸ਼ਰ ਅਤੇ ਓਸਿਟਯੋਪੋਰਾਇਸਿਸ ਵਰਗੇ ਸੰਬੰਧਿਤ ਹੋਰ ਰੋਗਾਂ ਦੀ ਜਾਂਚ ਵੀ ਕੀਤੀ ਜਾਣੀ ਚਾਹੀਦੀ ਹੈ। ਅੱਜਕੱਲ੍ਹ ਪੱਥਰੀ ਦੇ ਇਲਾਜ ਲਈ ਕਈ ਆਧੁਨਿਕ ਤਕਨੀਕਾਂ ਮੌਜੂਦ ਹਨ, ਫਿਰ ਵੀ ਖਾਣ-ਪੀਣ ਵਿਚ ਤਬਦੀਲੀ ਨਾਲ ਪੱਥਰੀ ਤੋਂ ਕਾਫੀ ਹੱਦ ਤੱਕ ਬਚਿਆ ਜਾ ਸਕਦਾ ਹੈ।

- ਖਾਣ-ਪੀਣ ਵਿਚ ਤਬਦੀਲੀ ਨਾਲ ਪੱਥਰੀ ਦੇ ਖਤਰੇ ਨੂੰ ਘੱਟ ਕੀਤਾ ਜਾ ਸਕਦਾ ਹੈ।

ਖੋਜਾਂ ਵਿਚ ਦੇਖਿਆ ਗਿਆ ਹੈ ਕਿ ਖਾਣ-ਪੀਣ ਵਿਚ ਬਦਲਾਅ ਕਰਕੇ ਪੱਥਰੀ ਦੀ ਸੰਭਾਵਨਾ ਨੂੰ 40 ਫੀਸਦੀ ਤੱਕ ਘੱਟ ਕੀਤਾ ਜਾ ਸਕਦਾ ਹੈ।

**ਖ਼ਤਰੇ ਦੀ ਘੰਟੀ** :

- ਸੋਡੀਅਮ ਵਾਲੇ ਖਾਦ-ਪਦਾਰਥਾਂ ਦੀ ਜ਼ਿਆਦਾ ਵਰਤੋਂ।
- ਐਨੀਮਲ ਪ੍ਰੋਟੀਨ ਵਾਲੇ ਖਾਦ ਪਦਾਰਥਾਂ ਦੀ ਜ਼ਿਆਦਾ ਵਰਤੋਂ।
- ਜ਼ਿਆਦਾ ਸ਼ੂਗਰ ਦੀ ਵਰਤੋਂ।

**ਕੋਸ਼ਿਸ਼ ਕਰੋ**

- ਸਰੀਰ ਵਿਚ ਪਾਣੀ ਦੀ ਮਾਤਰਾ ਘੱਟ ਨਾ ਹੋਣ ਦਿਓ।
- ਕੈਲਸ਼ੀਅਮ ਵਾਲੇ ਡੇਅਰੀ ਉਤਪਾਦਾਂ ਦੀ ਵਰਤੋਂ ਕਰੋ।
- ਖੱਟੇ ਫਲਾਂ, ਲੈਮੋਨੇਡ ਅਤੇ ਸੰਤਰੇ ਦੇ ਰਸ ਦੀ ਵਰਤੋਂ ਕਰੋ।
- ਵਿਟਾਮਿਨ 'ਸੀ' ਸਪਲੀਮੈਂਟਸ ਦੀ ਵਰਤੋਂ ਨਾ ਕਰੋ।

# ਕਾਵਿ-ਕਿਆਰੀ

(ਲਫ਼ਜ਼ਾਂ ਦੀ ਲੋਏ ਲੋਏ)

## ਸਮੇਂ-ਸਮੇਂ ਦੀ ਗੱਲ/ਹਰਬਖ਼ਸ਼ ਸਿੰਘ ਟਾਹਲੀ



ਸਮੇਂ ਸਮੇਂ ਦੀ ਹੀ ਗੱਲ
ਹੁੰਦੀ ਸਾਰੀ ਏ।
ਔਹ ਹਾਕਮਾਂ ਦੀ
ਕਿਥੇ ਨੂੰ ਤਿਆਰੀ ਏ।
ਜਿਹੜੇ ਦੂਜਿਆਂ ਨੂੰ
ਫਾਂਸੀਆਂ ਚੜ੍ਹੌਂਦੇ ਸੀ
ਮੌਤ ਉਨ੍ਹਾਂ ਦੇ ਦਰਾਂ ਤੇ
ਆ ਪਧਾਰੀ ਏ।

ਮੌਤ ਕਰੇ ਨਾ ਲਿਹਾਜ
ਕਦੇ ਰਾਜੇ ਰਾਣਿਆਂ ਦਾ
ਕਦੇ ਭੁੱਲਦੀ ਨਾ ਘਰ
ਉਹ ਤੇ ਜਰਵਾਣਿਆਂ ਦਾ
ਸੱਟ ਹੁੰਦੀ ਓਹਦੀ
ਖਰੀ ਤੇ ਕਰਾਰੀ ਏ
ਔਹ ਹਾਕਮਾਂ ਦੀ
ਕਿਥੇ ਨੂੰ ਤਿਆਰੀ ਏ।
ਜਿਹੜੇ ਦੂਜਿਆਂ ਨੂੰ ਫਾਂਸੀਆਂ ਚੜ੍ਹੌਂਦੇ ਸੀ
ਮੌਤ ਉਨ੍ਹਾਂ ਦੇ ਦਰਾਂ ਤੇ
ਆ ਪਧਾਰੀ ਏ।

ਅੱਜ ਓਹਦਾ ਵੇਲਾ ਆਇਆ
ਕੱਲ੍ਹ ਤੇਰਾ ਵੀ ਏ ਔਣਾ
ਤੂੰ ਤੇ ਸਮੇਂ ਦੇ ਹੱਥਾਂ ਵਿਚ
ਵਾਂਗਰਾਂ ਖਿਡੌਣਾ
ਤੇਰੀ ਥੋੜ੍ਹੇ ਦਿਨਾਂ ਵਾਲੀ
ਸਰਦਾਰੀ ਏ।
ਔਹ ਹਾਕਮਾਂ ਦੀ
ਕਿਥੇ ਨੂੰ ਤਿਆਰੀ ਏ
ਜਿਹੜੇ ਦੂਜਿਆਂ ਨੂੰ
ਫਾਂਸੀਆਂ ਚੜ੍ਹੌਂਦੇ ਸੀ
ਮੌਤ ਉਨ੍ਹਾਂ ਦੇ ਦਰਾਂ ਤੇ
ਆ ਪਧਾਰੀ ਏ।

ਕਹੇ 'ਟਾਹਲੀ ਵਾਲਾ' ਸਮੇਂ ਦੀ
ਪਹਿਚਾਣ ਕਰੋ ਯਾਰੋ
ਇਹੇ ਮਾਣ ਤੋੜ ਦਿੰਦਾ
ਨਾ ਕਦੇ ਮਾਣ ਕਰੋ ਯਾਰੋ
ਨਹੀਓਂ ਚੱਲੇ ਇਹਦੇ ਅੱਗੇ
ਹੁਸ਼ਿਆਰੀ ਏ।
ਜਿਹੜੇ ਦੂਜਿਆਂ ਨੂੰ ਫਾਂਸੀਆਂ ਚੜ੍ਹੌਂਦੇ ਸੀ
ਮੌਤ ਉਨ੍ਹਾਂ ਦੇ ਦਰਾਂ ਤੇ
ਆ ਪਧਾਰੀ ਏ।
ਸਮੇਂ ਸਮੇਂ ਦੀ ਹੀ ਗੱਲ
ਹੁੰਦੀ ਸਾਰੀ ਏ
ਔਹ ਹਾਕਮਾਂ ਦੀ
ਕਿਥੇ ਨੂੰ ਤਿਆਰੀ ਏ।

*****

## ਸ਼ਬਦਾਂ ਦੇ ਸੂਰਜ/ਸ਼ਬਦਾਂ ਦੇ ਸੂਰਜ

**ਸੁਰਿੰਦਰ ਮਕਸੂਦਪੁਰੀ**



ਲਿਖਾਰੀ ਜਗਤ ਸੀ ਗਿਆ ਰੁਸ਼ਨਾਇਆ
ਜਦੋਂ ਬਾਬੇ ਨਾਨਕ ਇਹ ਫੁਰਮਾਇਆ :
'ਧੰਨੁ ਸੁ ਕਾਗਦੁ ਕਲਮ ਧੰਨੁ
ਧੰਨੁ ਭਾਂਡਾ ਧੰਨੁ ਮਸੁ ॥
ਧੰਨੁ ਲੇਖਾਰੀ ਨਾਨਕਾ
ਜਿਨਿ ਨਾਮੁ ਲਿਖਾਇਆ ਸਚੁ ॥'
'ਭਾਂਡਾ ਭਾਉ ਅੰਮ੍ਰਿਤ ਤਿਤੁ ਢਾਲਿ
ਘੜੀਐ ਸਬਦੁ ਸਚੀ ਟਕਸਾਲ ॥'

ਫਿਰ ਜਾਗੇ ਸ਼ਬਦਾਂ ਦੇ ਸੂਰਜ
ਬਣੇ ਗੁਰਬਾਣੀ ਦਾ ਆਧਾਰ
ਪੰਜਾਬੀ ਸਾਹਿਤ ਦਾ ਸ਼ਿੰਗਾਰ
ਗੂੰਜੇ ਪੈਂਤੀ ਅੱਖਰੀ ਸੁਨੇਹੜੇ
ਮਹਿਕੇ ਵਿਸਮਾਦੀ ਰੂਹਾਂ ਦੇ ਖੇੜੇ

ਇਹ ਨੇ ਗੁਰਮੁਖੀ ਦੇ ਬੋਲ
ਰੱਖੋ ਸਦਾ ਕਲਮਾਂ ਦੇ ਕੋਲ
ਖਾਰੇ ਪਾਣੀਆਂ 'ਚ ਦੇਣ
ਖੰਡ-ਮਿਸ਼ਰੀ ਇਹ ਘੋਲ

ਇਹ ਸੁਹਣੇ ਸ਼ਬਦਾਂ ਦੇ ਸੂਰਜ
ਮਨਮੋਹਣੇ ਅੱਖਰਾਂ ਦੇ ਤਾਰੇ
ਚਮਕਣ ਜਜ਼ਬਿਆਂ ਦੇ ਜ਼ੇਵਰ

ਲੋਕ-ਪਰਲੋਕ ਇਹ ਪਿਆਰੇ

ਕਾਗਜ਼, ਕਲਮ, ਕਿਤਾਬਾਂ ਦੇ ਸੰਗ
ਰਹਿਣ ਕੌਲ-ਕਰਾਰ ਇਹ ਜਾਰੀ
ਹਸ਼ਰਾਂ ਤੀਕਰ ਜੀਵਨ-ਥੀਵਣ
ਸ਼ਬਦਾਂ ਦੇ ਸ਼ੁੱਭ ਕਾਰਜ ਕਰਤਾਰੀ

'ਸਰਸਵਤੀ' ਤੇ 'ਇੰਦਰ' ਰਲ ਕੇ
ਸਜਾ-ਸੰਵਾਰ ਕੇ ਧਰਤ ਦਾ ਥਾਲ
ਧਰ ਦਿੱਤੇ ਨੇ ਗਿਆਨ ਦੀ ਮਮਟੀ
ਸ਼ਬਦ ਸੂਰਜੀ ਦੀਵੇ ਬਾਲ
'ਮਕਸੂਦਪੁਰੀ' ਕਰੀਏ ਮੰਥਨ ਅਧਿਐਨ
ਹੋ ਜਾਏ ਜਨਜੀਵਨ ਖੁਸ਼ਹਾਲ !

-234, **ਸੁਦਰਸ਼ਨ ਪਾਰਕ**,
**ਮਕਸੂਦਾਂ**, **ਜਲੰਧਰ**-144021,
**ਮੋ**. 99887-10234


*****

## ਕਵਿਤਾ/ ਦੋ ਮਾਸੂਮ ਜਿੰਦਾਂ

ਫਤਹਿ ਸਿੰਘ ਤੇ ਜ਼ੋਰਾਵਰ ਦੀ ਹੋਈ ਨੀਹਾਂ ਵਿਚ ਚਿਣਵਾਈ ਸੀ।
ਮਾਸੂਮ ਜਿਹੀਆਂ ਦੋ ਜਿੰਦਾਂ ਸਿਰ ਧੜ ਦੀ ਬਾਜ਼ੀ ਲਾਈ ਸੀ।
ਸੂਬੇਦਾਰ ਵਜ਼ੀਰ ਖ਼ਾਨ ਕਹੇ ਤੁਸੀਂ ਇਸਲਾਮ ਕਰੋ।
ਐਸ਼ੋ ਇਸ਼ਰਤ ਸਭ ਮਿਲੇਗੀ, ਇਕ ਵਾਰੀ ਤਾਂ ਹਾਂ ਭਰੋ।
ਸੂਬੇ ਸਰਹੰਦ ਦੇ ਅੱਗੇ, ਉਨ੍ਹਾਂ ਹਰ ਇਕ ਗੱਲ ਠੁਕਰਾਈ ਸੀ।
ਮਾਸੂਮ ਜਿਹੀਆਂ ਦੋ ਜਿੰਦਾਂ ਸਿਰ ਧੜ ਦੀ ਬਾਜ਼ੀ ਲਾਈ ਸੀ।

ਖ਼ੂਨੀ ਨੀਂਹ ਵਿਚ ਚਿਣੇ ਹੋਏ ਵੀ ਦੋ ਬਾਲਕ ਮੁਸਕਰਾਉਂਦੇ ਰਹੇ।
ਲਾੜੀ ਮੌਤ ਵਿਆਹੁਣੀ ਏ ਮੁੱਖ ਵਿਚੋਂ ਫੁਰਮਾਉਂਦੇ ਰਹੇ।
ਕਹੇ ਜੱਲਾਦ ਇਨ੍ਹਾਂ ਦੀ ਦੇਹ ਕਿਸ ਮਿੱਟੀ ਨੇ ਖਾਈ ਸੀ।
ਮਾਸੂਮ ਜਿਹੀਆਂ ਦੋ ਜਿੰਦਾਂ ਸਿਰ ਧੜ ਦੀ ਬਾਜ਼ੀ ਲਾਈ ਸੀ।

ਠੰਢੇ ਬੁਰਜ ਨੂੰ ਲੋਕੀਂ ਜਾ ਕੇ ਸੀਸ ਨਿਵਾਂਦੇ ਨੇ।
ਰਤਨ ਵਰਿੰਦਰਾ ਢਾਡੀ ਉੱਥੇ ਤਾਂ ਹੀ ਵਾਰਾਂ ਗਾਂਦੇ ਨੇ।
ਟਾਹਲੀ ਵਾਲਿਆ ਕੁਦਰਤ ਕੈਸੀ ਖੇਡ ਬਣਾਈ ਸੀ।
ਮਾਸੂਮ ਜਿਹੀਆਂ ਦੋ ਜਿੰਦਾਂ ਸਿਰ ਧੜ ਦੀ ਬਾਜ਼ੀ ਲਾਈ ਸੀ।



**ਰਤਨ ਟਾਹਲਵੀ**

## ਸ਼ਬਦਾਂ ਦੇ ਸੰਜੋਗ

### ਸਮਝੌਤਾ/ਹਰਬਖ਼ਸ਼ ਸਿੰਘ ਟਾਹਲੀ

ਤੂੰ ਮੈਨੂੰ ਕਦੇ ਨਾ ਦੇਖੇਂ
ਪਰ ਮੈਂ ਤੈਨੂੰ ਦੇਖਦਾ ਰਹਾਂ
ਤੈਨੂੰ ਆਪਣਾ ਮਹਿਬੂਬ ਕਹਾਂ...
ਜਿਵੇਂ ਸੂਰਦਾਸ ਨੇ ਕਿਹਾ ਸੀ ਕਦੇ
ਹੁਣ ਤੈਨੂੰ ਦੇਖ ਲਿਆ ਹੈ
ਹੁਣ ਹੋਰ ਕੀ ਦੇਖਾਂ, ਤੇ ਲੋਹੇ ਦੀਆਂ
ਗਰਮ ਸਿਲਾਈਆਂ ਪਾ ਲਈਆਂ ਸਨ ਅੱਖਾਂ ਵਿਚ
ਸੂਰਦਾਸ ਨੂੰ ਹੋਇਆ ਸੀ ਸਾਕਾਰ ਦਰਸ਼ਨ
ਕੌਣ ਕਹਿੰਦਾ ਹੈ ਕਿ ਅੰਨ੍ਹਾ ਹੋ ਗਿਆ ਸੀ ਉਹ
ਸੂਰਦਾਸ ਨੇ ਤਾਂ ਆਪਣੀਆਂ ਅੱਖਾਂ ਨੂੰ ਕੀਤਾ ਸੀ
ਸਮਰਪਿਤ-ਅਤੇ ਪ੍ਰਕਾਸ਼ ਨੂੰ ਹਨ੍ਹੇਰਾ ਬਣਾ ਕੇ
ਪ੍ਰਗਟ ਕੀਤਾ ਸੀ ਆਪਣੇ ਸਾਹਮਣੇ।
ਜਦੋਂ ਹਨ੍ਹੇਰਾ ਪ੍ਰਗਟ ਹੁੰਦਾ ਹੈ ਉਦੋਂ ਪ੍ਰਕਾਸ਼ ਦਾ ਹੜ੍ਹ
ਆਲੇ ਦੁਆਲੇ ਵਿਚ ਪਸਰ ਜਾਂਦਾ ਹੈ।
ਮੈਂ ਤੈਨੂੰ ਦੇਖਣ ਦੇ ਬਾਅਦ ਬੇਸ਼ੱਕ
ਮਾਰ ਨਾ ਸਕਿਆ ਗਰਮ ਸਿਲਾਈਆਂ ਆਪਣੀਆਂ ਅੱਖਾਂ ਵਿਚ
ਪਰ ਤੈਨੂੰ ਚੁੱਪ ਕਰਕੇ ਦੇਖਦੇ ਰਹਿਣ ਦਾ ਠਾਣ ਲਈ ਸੀ।
ਮੈਂ ਸੋ ਲਿਆ ਸੀ ਕਿ ਹੁਣ ਨਹੀਂ ਭਟਕਾਂਗਾ
ਹੁਣ ਤੇਰੇ ਅੱਗੇ ਦੀਦਾਰ ਲਈ ਗੋਡੇ ਵੀ ਕਿਉਂ ਟੇਕਾਂ
ਮੈਂ ਕਬਜ਼ੇ ਦੀ ਗੱਲ ਕਦੇ ਨਹੀਂ ਸੋਚੀ।

*****

# CITATION OF SH. MOHINDER SINGH, PPS. (DEPUTY SUPERINTENDENT OF POLICE RETD.) PRESIDENT POLICE MEDAL AWARDEE



S. Mohinder Singh S/o S. Partap Singh and Mrs. Thakur Kaur village Talwandi Salhan Distt. Hoshiarpur. After qualifying the B.A. from Govt. College Tanda Urmur, he joined Punjab Police on 12/04/1973 as constable and by dint of his hard and honest work, he arose to the rank of Deputy Superintendent of Police in the year 2007. He performed excellent services in Punjab Police in various assignments for about 40 years and retire in the year 2012 as Deputy Superintendent of Police. During his service he performed excellent duty with honestly, hardworking, Diligence and give complete justice to the public without any bias. That's why he was decorated with meritorious/Distinguish awards as follow :-

* Police Meritorious services award by the Hon'ble President of India on the occasion of Independence Day in 1991.
* President Police Medal for Distinguished Services by the Hon'ble President of India on the occasion of Republic Day in 1999.
* Strenuous Sewa Medal in the year 1992.
* Independence Golden Jubilee Medal in 1997.

After retirement, he have been performing the following services for the uplifting of Lobana Community.

* Member of Executive Committee of Baba Makhan Shah Lobana Foundation (Regd.) from 2014 to date.
* Sr. Vice President of Baba Makhan Shah Lobana Foundation (Regd.) from 2017 to 2021.
* Advisers of Lobana Sewak Magazine published by Baba Makhan Shah Lobana Foundation Chandigarh from 2021 to date.
* Convener of Baba Makhan Shah Lobana Welfare Society & Sant Baba Prem Singh Lobana Society, Jalandhar since 2012.
* Administrator of Baba Makhan Shah Lobana Welfare Society, Jalandhar from 2012 to date and President of the Society & Guru Ghar since 2021.

During his tenure as Administrator of Baba Makhan Shah Lobana Welfare Society he made vital contribution in buildings of Alishah Guru Ghar, Langar Hall and Conference Room etc.

**He is the only Police Officer in the Lobana Community, who got President Police Medals twice in Punjab Police Department in the rank of Sub-Inspector in young age.**

Sh. Mohinder Singh has performed exceptional services for the uplifting of Lobana Community during his service tenure of 40 years and actively doing so ever after retirement.

**Er. Parminderjit Singh, Add. Chief Editor**

# CONGRATULATIONS




**Upkirat Singh Multani: NSHSS Ambassador**

**Jalandhar, India - Upkirat Singh Multani, a Cambridge International Foundation School 12th grade student, was appointed as an Ambassador for the National Society of High School Scholars (NSHSS) at a ceremony in New York on 30 September 2023. His proud parents, Mr. Ajit Pal Singh Multani and Mrs. Navsandeep Kaur Multani, mention that he is a high achiever academically, Upkirat's leadership and commitment to community service have earned him this prestigious honor. He is not only the Head Boy of the Cambridge International Foundation School Student Council but also the founder of projects addressing agricultural challenges and a poetry and philosophy book for charity. Beyond his school, Upkirat's achievements include winning business competitions and participating in a Young Entrepreneurs Bootcamp at BITS Pilani. He's also an accomplished athlete, graphic designer, and podcast creator. His appointment as an NSHSS Ambassador at Columbia University signifies his remarkable achievements and future societal contributions.**

**By : Er. Parminderjit Singh**



# MATRIMONIAL



**LUBANA SIKH BOY, AGE 27 YRS. (MAY 15, 1996), HEIGHT 5'10", QUALIFICATION - B.TECH (COMPUTER ENG.), WORKING IN MULTINATIONAL COMPANY, FATHER RETIRED ARMY, MOTHER HOUSEWIFE, YOUNGER BROTHER IN POLAND, RESIDENT AT JALANDHAR. MOBILE NO. 9779847453**

* * * * *

**SEEKING MATCH FOR 26 YRS LOBANA BOY, HEIGHT 6'1", EDUCATION – B.TECH IN CIVIL ENGINEERING FROM PEC CHANDIGARH, M.E. STRUCTURE ENGINEERING FROM CARLETON UNIVERSITY CANADA, CURRENTLY WORKING AS A STRUCTURE ENGINEER IN CANADA, CURRENT RESIDENCE SUDBURY CANADA. PERMANENT RESIDENCE IN PANCHKULA (HR), CONTACT ON WHATSAPP – 6280045394**

* * * * *

**MATCH FOR FOR 31 YEARS, SIKH LOBANA BOY, 5'9", DOB-01.02.1992, BIRTH PLACE CHANDIGARH, FAIR COMPLEXION, EDUCATION BCA MCA, OCCUPATION SOLIDER, ROYAL BRITISH ARMY, LONDON UK, FATHERGOVT. EMPLOYEE, BANKER, MOTHER HARYANA GOVT. EMPLOYEE (RETD.), ELDER BROTHER ENGINEER, MARRIED, WORKING IN MNC GURUGRAM. CHANDIGARH. CONTACT: 9463765696**

* * * * *

**LOOKING FOR AN EDUCATED AND BEAUTIFUL BRIDE FOR CANADA SETTLED BOY, 1994 BORN, HEIGHT 6", FROM MOHALI-PB, EDUCATION MBA AND MASTER IN BUSINESS FROM CANADA, FAMILY – FATHER RETD. FROM GOVT. OF PUNJAB, SISTER HAPPILY MARRIED. GIRL WILLING TO SETTLE IN CANADA AFTER MARRIAGE OR ALREADY RESIDING AT CANADA. CONTACT 9988513281, 7973096844**

* * * * *

**SUITABLE MATCH FOR LOBANA SIKH GIRL, US CITIZEN, DOB 27.09.1995, 5'6", FAIR, BEAUTIFUL, BACHELOR IN PSCHOLOGY & HEALTH SCIENCE, PURSUIMG MASTERS IN OCCUPATIONAL THERAPY, FAMILY WELL SETTLED IN US. LOOKING FOR WELL SETTLED MATCH USA BASED. CONTACT: +13475537241**

* * * * *

**WANTED COMPATIBLE MEDICO MATCH FROM GURSIKH FAMILY FOR LOBANA SIKH GIRL, 5'4", DOB 19.06.1995, M.S. OBST. & GYNE FINAL YEAR, JAIPUR, REPUTED FAMILY, HARYANA. PLEASE RESPOND WITH BIODATA ON MOBILE NO.99927-63928**

* * * * *

**LUBANA SIKH BOY..... DEC'92, 5.11FT BE MBA DY MANAGER FOREIGN BASED MNC @ DELHI NCR, REQUIRED....SAME QUALIFICATIONS QUALIFIED GIRL .... FOR FURTHER CHAT.... 9417145424, 8360907886.**

* * * * *

**SEEKING MATCH FOR SIKH LOBANA, 13 APRIL 1999 BORN, 5'6'' MANHANI GOTRA B.COM-HONOURS IN ECONIMICS, M.COM-ACCOUNTING AND FINANCE, PURSUING B. ED FROM PU PREPARING FOR COMPETITVE EXAMS (UGCNET AND JRF). FAMILY FATHER SR. INSPECTOR AUDITOR IN HR. GOVT., MOTHER TEACHER YOUNGER BROTHER PURSUING 5 YRS. LAW FROM PU, CHD, RESIDENCE AT PANCHKULA. LOOKING FOR WELL EDUCATED AND UNDERSTANDING, OPEN MINDED PERSON AND IS WILLING TO RECIPROCATE THE SAME LOVE AND AFFECTION. A PERSON SHOULD RESPECT MY FAMILY VALUES AND TRADITIONS. CONTACT: F-9915965417, M-7888345304, 9876450235**

## ਬੇਨਤੀ

ਬਾਬਾ ਮੱਖਣ ਸ਼ਾਹ ਲੁਬਾਣਾ ਫਾਊਂਡੇਸ਼ਨ (ਰਜਿ.) ਚੰਡੀਗੜ੍ਹ ਵੱਲੋਂ ਸਨਿਮਰ ਬੇਨਤੀ ਹੈ ਕਿ ਬਰਾਦਰੀ ਵਿਚ ਬੱਚਿਆਂ ਦੇ ਵਿਆਹ-ਸ਼ਾਦੀਆਂ ਲਈ ਰਿਸ਼ਤੇ ਜੋੜਣ ਲਈ ਲੁਬਾਣਾ ਸੇਵਕ ਮੈਗਜ਼ੀਨ ਵਿਚ ਮੁਫ਼ਤ ਇਸ਼ਤਿਹਾਰ ਲਗਾਉਣ ਦਾ ਫੈਸਲਾ ਲਿਆ ਗਿਆ ਹੈ। ਬਰਾਦਰੀ ਦੇ ਸਮੂਹ ਸੱਜਣਾਂ ਨੂੰ ਬੇਨਤੀ ਹੈ ਕਿ ਉਹ ਆਪਣੇ ਵਿਆਹੁਣਯੋਗ ਬੱਚਿਆਂ ਅਤੇ ਪਰਿਵਾਰ ਦੇ ਵੇਰਵੇ ਫਾਊਂਡੇਸ਼ਨ ਦੇ ਦਫ਼ਤਰ ਭੇਜਣ ਦੀ ਕ੍ਰਿਪਾਲਤਾ ਕਰਨ। ਅਦਾਰਾ ਲੁਬਾਣਾ ਸੇਵਕ

**APPLICATION ARE INVITED UP TO 31-12-2023 FROM ELIGIBLE CANDIDATES**

Application Regd. No.__________

# BABA MAKHAN SHAH LOBANA FOUNDATION (REGD.)

**Sector-30-A, Chandigarh-160030 Phone: - 0172-2657340**

Affix Passport Size Photo

## APPLICATION FORM

**Merit, Merit Cum-Means Scholarship for Academic Year-202___**

1. Name of Applicant____________________________________________________
   (In Block Letters)
2. i) Father's Name:- ____________________________________________________
   ii) Mother's Name: - __________________________________________________
   ii) Occupation ________________________________________
3. Caste ______________________________________________
4. Address for Correspondence :- Village :- ___________________ Post office :- ______________________
   Police Station:-__________________ Tehsil :-__________________________________
   Distt-:-__________________ Pin Code: ________________
5. Permanent Address :-______________________________________________________________
   Contact No. - Mobile: ______________________ STD Code: - ___________Landline No.____________
   E-mail-__________________________________________________________
6. Class in which studying_______________________________________________
7. Past performance and merit in the school/board/ university:

| Class | Board/University | Year of Passing | % (Percentage) | Remarks |
|---|---|---|---|---|
| | | | | Indicate Board/University Examination (Attach Mark Sheet) |
| | | | | Indicate Board/University Examination only (Attach Mark Sheet) |
| | | | | For Merit Scholarship only. (85% and above marks) |

8. Were you granted scholarship last year : Yes/No

If Yes, Amount of Scholarship received (last year) _____________ Class ___________

9. i) Annual income of Parents/ Guardians in Rs. _____________ p.a.

ii) Attach income certificate from the employer (mandatory)

iii) Land holding to be verified by revenue officer from his office record.

iv) Income verified by the Sarpanch and counter signed by BDPO/ Executive Committee Member of BMSL Chandigarh

10. Signatures a) Student: ____________________ dated __________

b) Father-Guardian ________________ dated __________

11. Name of the Bank_________________________________________ Place:-____________________

Account Holder's Name ______________________________________________________________

Bank Account No. ______________________________________IFSC Code: - ____________________

12. Identity Document: - Aadhaar Card/Election Card/Ration Card

Note: - List of documents to be attached with application:-

I) Self attested photocopy of mark sheet

ii) Self attested any other educational document, if any

13. Certificate of the Head of the institution :

Certified that the applicant is a regular student of class _____________ in this school/ college and particulars as shown above are correct

Place: - Signature _________________

Dated: - Name ____________________

Designation Stamp/Seal

1. Certify that the above facts stated are correct & true to my knowledge.

Recommended by the Executive Committee Member of the region with designation, address and Membership Number of BMSL, Chandigarh.

Official seal

Signature ___________________

Name in capital letters

## <u>FOR OFFICE USE ONLY</u>

i) Date of application received _________________________

ii) No. of enclosures with the application ________________

iii) Completion/ correctness of the applicant

Verified by Manger

iv) Signature of the Convener

**Manager** **Convener**

# ਬਾਬਾ ਮੱਖਣ ਸ਼ਾਹ ਲੁਬਾਣਾ ਫਾਊਂਡੇਸ਼ਨ ਦੀ ਮੈਰਿਟ-ਕੰਮ ਮੀਨਜ ਸਕਾਲਰਸ਼ਿਪ ਸਕੀਮ ਦੇ ਨਿਯਮ

ਬਾਬਾ ਮੱਖਣ ਸ਼ਾਹ ਲੁਬਾਣਾ ਫਾਊਂਡੇਸ਼ਨ (ਰਜਿ.) , ਚੰਡੀਗੜ੍ਹ 1996 ਤੋਂ ਵਿਦਿਆਰਥੀਆਂ ਨੂੰ ਸਕਾਲਰਸ਼ਿਪ ਪ੍ਰਦਾਨ ਕਰ ਰਹੀ ਹੈ । ਫਾਊਂਡੇਸ਼ਨ ਦੀ ਸਲਾਨਾ ਆਮਦਨ ਦਾ 10 ਵਾਂ ਹਿੱਸਾ ਲੋਕ ਭਲਾਈ ਲਈ ਵਰਤਿਆ ਜਾਂਦਾ ਹੈ । ਇਸ ਦੇ ਨਾਲ-ਨਾਲ ਫਾਊਂਡੇਸ਼ਨ ਵਲੋਂ ਜਦੋਂ ਵੀ ਵਿਦਿਆਰਥੀ ਆਪਣੀ ਕੋਚਿੰਗ, ਟਰੇਨਿੰਗ ਅਤੇ ਸੈਮੀਨਾਰ ਲਈ ਚੰਡੀਗੜ੍ਹ ਆਉਂਦੇ ਹਨ, ਉਨ੍ਹਾਂ ਨੂੰ ਬਹੁਤ ਹੀ ਘੱਟ ਰੇਟ ਤੇ ਰਹਿਣ ਦੀ ਸੁਵਿਧਾ ਦਿੱਤੀ ਜਾਂਦੀ ਹੈ । ਵਰਤਮਾਨ ਸਮੇਂ ਵਿਚ ਹਰ ਸਾਲ ਲਗਪਗ 80 ਤੋਂ 90 ਵਿਦਿਆਰਥੀ ਫਾਊਂਡੇਸ਼ਨ ਵਲੋਂ ਦਿੱਤੀ ਜਾ ਰਹੀ ਇਸ ਸਹੂਲਤ ਦਾ ਲਾਭ ਲੈ ਰਹੇ ਹਨ ਜਿਸ ਦੇ ਵਿਚ ਪੇਂਡੂ ਇਲਾਕੇ ਦੇ ਵਿਦਿਆਰਥੀਆਂ ਨੂੰ ਪਹਿਲ ਦਿੱਤੀ ਜਾਂਦੀ ਹੈ ਅਤੇ ਕਿਸੇ ਵੀ ਜਾਤੀ ਧਰਮ ਦੇ ਵਿਦਿਆਰਥੀ ਨੂੰ ਇਹ ਲਾਭ ਦਿੱਤੇ ਜਾਂਦੇ ਹਨ ।

ਮੈਰਿਟ-ਕੰਮ-ਮੀਨਜ ਸਕਾਲਰਸ਼ਿਪ :- ਮੈਰਿਟ-ਕੰਮ-ਮੀਨਜ ਸਕਾਲਰਸ਼ਿਪ ਉਨ੍ਹਾਂ ਵਿਦਿਆਰਥੀਆਂ ਨੂੰ ਦਿੱਤੇ ਜਾਂਦੇ ਹਨ ਜਿਹੜੇ ਬੋਰਡ ਅਤੇ ਯੂਨੀਵਰਸਿਟੀ ਦੀ ਪ੍ਰੀਖੀਆ ਵਿਚ 75% ਅੰਕ ਪ੍ਰਾਪਤ ਕਰਦੇ ਹਨ । ਸਕਾਲਰਸ਼ਿਪ ਨੌਵੀਂ ਤੇ ਦੱਸਵੀਂ, ਗਿਆਰਵੀਂ, ਬਾਰ੍ਹਵੀਂ ਅਤੇ ਹਰ ਪ੍ਰਕਾਰ ਦੀ ਅਕਾਦਮਿਕ ਯੋਗਤਾ ਅਤੇ ਕਿੱਤਾ ਮੁੱਖੀ ਪੇਂਡੂ ਤੇ ਸ਼ਹਿਰੀ ਵਿਦਿਆਰਥੀਆਂ ਦੇ ਅਧਾਰ ਤੇ ਦਿੱਤੇ ਜਾਂਦੇ ਹਨ ।

ਮੈਰਿਟ ਕੰਮ ਮੀਨਜ ਸਕਾਲਰਸ਼ਿਪ ਉਨ੍ਹਾਂ ਨੂੰ ਦਿੱਤੇ ਜਾਂਦੇ ਹਨ ਜਿਹੜੇ ਹੇਠ ਲਿਖੇ ਨਿਯਮਾਂ ਦੀ ਪਾਲਣਾ ਕਰਨ :-

ੳ) ਸਕਾਲਰਸ਼ਿਪ ਭਾਰਤ ਵਿਚ ਪੜ੍ਹ ਰਹੇ ਵਿਦਿਆਰਥੀਆਂ ਨੂੰ ਹੀ ਦਿੱਤੇ ਜਾਂਦੇ ਹਨ ।

ਅ) ਸਕਾਲਰਸ਼ਿਪ ਫਾਰਮ ਚੰਗੀ ਤਰ੍ਹਾ ਭਰ ਕੇ ਰਿਜਨਲ ਪ੍ਰਧਾਨਾਂ ਦੇ ਦਸਖਤਾਂ ਰਾਹੀਂ 31-12-2023 ਤੱਕ ਬਾਬਾ ਮੱਖਣ ਸ਼ਾਹ ਲੁਬਾਣਾ ਫਾਊਂਡੇਸ਼ਨ ਦੇ ਦਫਤਰ ਵਿਚ ਪਹੁੰਚ ਜਾਣੇ ਚਾਹੀਦੇ ਹਨ ।

ੲ) ਇਕ ਘਰ ਵਿਚ ਇਕ ਹੀ ਸਕਾਲਰਸ਼ਿਪ ਦਿੱਤਾ ਜਾਵੇਗਾ ਅਤੇ ਦੂਜੇ ਬੱਚੇ ਦੇ ਸਕਾਲਰਸ਼ਿਪ ਲਈ ਸਕਾਲਰਸ਼ਿਪ ਕਮੇਟੀ ਫੈਸਲਾ ਲਵੇਗੀ ।

ਸ) ਪੇਂਡੂ ਇਲਾਕੇ ਵਿਚ 70% ਅਤੇ ਸ਼ਹਿਰੀ ਇਲਾਕੇ ਵਿਚ 75% ਅੰਕ ਹੋਣ ਵਾਲੇ ਵਿਦਿਆਰਥੀ ਨੂੰ ਹੀ ਸਕਾਲਰਸ਼ਿਪ ਦਿੱਤਾ ਜਾਵੇਗਾ ।

ਹ) ਸਕਾਲਰਸ਼ਿਪ 12 ਮਹੀਨੇ ਲਈ ਦਿੱਤਾ ਜਾਂਦਾ ਹੈ ਜਿਵੇਂ ਕਿ ਬਾਰ੍ਹਵੀਂ ਤੱਕ ਅਪ੍ਰੈਲ ਤੋਂ ਲੈ ਕੇ ਮਾਰਚ ਤੱਕ ਅਤੇ ਬਾਕੀ ਜੁਲਾਈ ਤੋਂ ਲੈ ਕੇ ਜੂਨ ਤੱਕ ।

ਕ) ਹਰ ਸਾਲ ਧਿਆਨ ਨਾਲ ਨਵੇ ਫਾਰਮ ਭਰ ਕੇ ਬਾਬਾ ਮੱਖਣ ਸ਼ਾਹ ਲੁਬਾਣਾ ਫਾਊਂਡੇਸ਼ਨ ਦੇ ਦਫਤਰ ਵਿਚ ਜਮਾ ਕਰਵਾਏ ਜਾਣ।

# GRANT OF MERIT, MERIT-CUM-MEANS SCHOLARSHIP SCHEME 2023-24

| Sr No | Sub Sr. No. | Board Or University In Which Studying | Courses & Class | Min Pass % age | Annual Income Parents/ Guardian | No. of Scholarship | Amt. of Scholarship (In Rs.) (PM) |
|---|---|---|---|---|---|---|---|
| 1 | A | . | 9th & 10th (Based on the result of 8th Class) | 75 % | 3 Lac | 30 | Rs. 500/- |
| 2 | B | Matric (Board Exam) | 10+1 & 10+2, I.T.I., Nursing Certificate, Craft Certificate or equivalent | 75 % | 3 Lac | 30 | Rs. 500/- |
| | C | Senior Secondary | B.Sc/B.A/B.Com (I, II&III), B.C.A., B.B.A. (I, II&III), B.Sc Agriculture/Nursing, Poly Tech Diploma, B. Pharmacy, Nursing Diploma, Health care/Fashion Design / B.A. LLB 5 years, Finance/ Hotel management (Diploma) or equivalent | 75 % | 3 Lac | 20 | Rs. 600/- |
| | D | B.A./B.sc/ B.Com (University) | M.Sc.,MA/ M.Com (I&II), B.Ed, L.L.M, M.B.A., M.C.A., Hotel Mgt (Degree), P.G.D.C.A., Computer Sc. Programme, M Pharmacy, M.Ed, M.Sc Nursing | 75 % | 3 Lac | 10 | Rs. 1000/- |
| | E | Senior Secondary* (Board Exam) and subsequent semester | B.E. - (I to iV), IIT, BVSC, AH, BE/B.Tech, (I to IV), IIT, BDS, MBBS ,BAMS, BHMS, or selected in Entrance test | 75 % | 3 Lac | 10 | Rs. 1,500/- |
| | F | Graduation Degree * | M. Tech., I.I.M. * selected in entrance test of Professional courses. | 75 % | 3 Lac | 5 | Rs. 1,500/- |
| 3 | A | Misce-Laneous Compassion Basis | Wards of Soldiers died in War/ Insurgency against militancy and handicapped Parents/ Students (to be decided by the Committee). | --- | ----- | Lump Sum | Rs. 10,000/- |

# ਨਵੰਬਰ ਮਹੀਨੇ ਦਾਨੀ ਸੱਜਨਾਂ ਵੱਲੋਂ ਦਿੱਤੇ ਦਾਨ ਦੀ ਸੂਚੀ

| ਲੜੀ ਨੰ: | ਨਾਮ ਤੇ ਪਤਾ | ਰਸੀਦ ਨੰ. | ਰਾਸ਼ੀ ਰੁਪਏ | ਮਿਤੀ |
|---|---|---|---|---|
| 1. | ਸਰਦਾਰਨੀ ਸੁਰਿੰਦਰ ਕੌਰ, | 169 | 11000/- | 18.11.2023 |
| | (ਆਪਣੇ ਸਵਰਗਵਾਸੀ ਪਤੀ ਸ਼੍ਰੀ ਜਗਮੋਹਨ ਸਿੰਘ ਜੀ ਦੀ ਬਰਸੀ ਦੇ ਸਮਾਗਮ ਵੇਲੇ ਭੇਂਟ ਕੀਤੇ ਗਏ।) | | | |
| | ਸੈਕਟਰ-16, ਪੰਚਕੁਲਾ (ਹਰਿਆਣਾ) | | | |
| 2. | ਸ੍ਰ: ਸੁਰਿੰਦਰ ਸਿੰਘ ਰੂਬੀ, ਈ.ਟੀ.ਉ. (ਰਿਟਾ.) | 155* | 500/- | 31.10.2023 |
| | 16, ਗੁਰੂ ਗੋਬਿੰਦ ਸਿੰਘ ਐਵਨਿਊ, ਜਲੰਧਰ। | | | |
| 3. | ਗੁਪਤਦਾਨ | 156* | 500/- | 31.10.2023 |
| 4. | ਸਰਦਾਰਨੀ ਹਰਪ੍ਰੀਤ ਕੌਰ ਪੇਲੀਆ | 158* | 1100/- | 08.11.2023 |
| | ਮਕਾਨ ਨੰ: 2218, ਸੈਕਟਰ 38-ਸੀ, ਚੰਡੀਗੜ੍ਹ। | | | |
| 5. | ਪੰਡਿਤ ਰਾਮ ਕੁਮਾਰ, ਬ.ਮ.ਸ.ਲ ਫ਼ਾਊਂਡੇਸ਼ਨ, ਚੰਡੀਗੜ੍ਹ। | 161 | 500/- | 16.11.2023 |
| 6. | ਸ੍ਰ: ਗੁਰਚਰਨ ਸਿੰਘ, ਸੀ: ਵਾਇਸ ਪ੍ਰਧਾਨ | 162 | 500/- | 16.11.2023 |
| | ਮਕਾਨ ਨੰ:117, ਸੈਕਟਰ-35 ਏ, ਚੰਡੀਗੜ੍ਹ। | | | |
| 7. | ਸ੍ਰ: ਮਨਜੀਤ ਸਿੰਘ ਲੁਬਾਣਾ, ਪ੍ਰਧਾਨ ਗੁਰੂ ਘਰ | 163 | 500/- | 16.11.2023 |
| | ਮਕਾਨ ਨੰ:873, ਫ਼ੇਸ-10, ਮੋਹਾਲੀ। | | | |
| 8. | ਲੈਕਚਰਾਰ ਗੁਲਸ਼ਨ ਕੁਮਾਰ ਸਿੰਘ | 164 | 200/- | 16.11.2023 |
| | ਵਿੱਤ ਸਕੱਤਰ, ਮਕਾਨ ਨੰ:3405, ਸੈਕਟਰ 40-ਡੀ, ਚੰਡੀਗੜ੍ਹ। | | | |
| 9. | ਸੂਬੇਦਾਰ ਮੇਜਰ ਜਸਪਾਲ ਸਿੰਘ ਮੈਂਟੀਨੈਂਸ ਸਕੱਤਰ | 165 | 100/- | 16.11.2023 |
| | ਮਕਾਨ ਨੰ:18, ਏ.ਕੇ.ਐਸ ਕਲੋਨੀ, ਜ਼ੀਰਕਪੁਰ। | | | |
| 10. | ਸ੍ਰ: ਸੁੱਖਪਾਲ ਸਿੰਘ | 166 | 250/- | 16.11.2023 |
| | ਸਪੁੱਤਰ ਸ੍ਰ: ਨਿਰਮਲ ਸਿੰਘ, ਮਕਾਨ ਨੰ: 2354, ਫ਼ੇਸ- 10, ਮੋਹਾਲੀ। | | | |
| 11. | ਸ੍ਰ: ਅਮਰਜੀਤ ਸਿੰਘ | 167 | 100/- | 16.11.2023 |
| | ਮਕਾਨ ਨੰ: 2281, ਸੈਕਟਰ 50-ਸੀ, ਟੈਲੀ ਹਾਊਸ, ਚੰਡੀਗੜ੍ਹ। | | | |
| 12. | ਸਰਦਾਰਨੀ ਹਰਪ੍ਰੀਤ ਕੌਰ ਪੇਲੀਆ | 168 | 1100/- | 16.11.2023 |
| | ਮਕਾਨ ਨੰ: 2218, ਸੈਕਟਰ 38-ਸੀ, ਚੰਡੀਗੜ੍ਹ। | | | |
| 13. | ਸ੍ਰ: ਬਲਕਾਰ ਸਿੰਘ ਸਪੁੱਤਰ ਸ੍ਰ: ਨਿਧਾਨ ਸਿੰਘ | 170 | 1000/- | 16.11.2023 |
| | ਪਿੰਡ ਲੋਟਾਂ, ਤਹਿਸੀਲ ਨਰੈਣਗੜ੍ਹ, ਜ਼ਿਲ੍ਹਾ ਅੰਬਾਲਾ, (ਹਰਿਆਣਾ) | | | |
| | ਆਪਣੀ ਬੇਟੀ ਡਾਕਟਰ ਅਮਰਜੀਤ ਕੌਰ ਦੀ ਸ਼ਾਦੀ ਦੀ ਖੁਸ਼ੀ ਦੀ ਸੇਵਾ=500/- | | | |
| | ਆਪਣੇ ਬੇਟੇ ਇੰਜ: ਸਰਵਜੀਤ ਸਿੰਘ ਦੀ ਸ਼ਾਦੀ (19.11.2023) ਦੀ ਖੁਸ਼ੀ ਦੀ ਸੇਵਾ=500/- | | | |

*(ਟਿੱਪਣੀ : ਅਣਜਾਣੇ ਕਾਰਣ ਇਹ ਦਾਨ ਭੇਟਾਂ ਪਿਛਲੇ ਮਹੀਨੇ ਨਹੀਂ ਛਪ ਸਕੀ)

## ਅਪੀਲ

ਵੇਖਣ ਵਿਚ ਆਇਆ ਹੈ ਕਿ ਬਹੁਤ ਸਾਰਿਆਂ ਸੱਜਣਾਂ ਨੂੰ 'ਲੁਬਾਣਾ ਸੇਵਕ' ਮੈਗਜ਼ੀਨ ਸਮੇਂ ਸਿਰ ਪ੍ਰਾਪਤ ਨਹੀ ਹੁੰਦਾ। ਇਸ ਕਰਕੇ ਆਪ ਜੀ ਨੂੰ ਬੇਨਤੀ ਕੀਤੀ ਜਾਂਦੀ ਹੈ ਕਿ ਆਪਣੇ ਪੂਰੇ ਪਤੇ ਸਮੇਤ ਆਪਣੇ ਇਲਾਕੇ ਦੇ ਡਾਕਖਾਨੇ ਦਾ ਪਿੰਨ ਕੋਡ, ਫੋਨ, ਈਮੇਲ ਜਾਂ ਡਾਕ ਰਾਹੀਂ ਦਫਤਰ ਵਿਚ ਸੂਚਿਤ ਕਰੋ ਜੀ। ਬਾਬਾ ਮੱਖਣ ਸ਼ਾਹ ਲੁਬਾਣਾ ਭਵਨ, ਸੈਕਟਰ-30-ਏ, ਚੰਡੀਗੜ੍ਹ 160030, ਫੋਨ ਨੰ.-0172-2657340, E-mail : lobanafoundation@gmail.com

ਪ੍ਰਧਾਨ - ਬਾਬਾ ਮੱਖਣ ਸ਼ਾਹ ਲੁਬਾਣਾ ਫਾਊਂਡੇਸ਼ਨ (ਰਜਿ.) ਚੰਡੀਗੜ੍ਹ

**ਲੁਬਾਣਾ ਸੇਵਕ ਦੇ ਪਾਠਕ ਅਤੇ ਸਮੂਹ ਫਾਊਂਡੇਸ਼ਨ ਮੈਂਬਰ bmslchd.org & lobanafoundation.org ਵੈੱਬਸਾਈਟ 'ਤੇ ਵੀ ਹਰ ਮਹੀਨੇ ਦਾ ਲੁਬਾਣਾ ਸੇਵਕ ਮੈਗਜ਼ੀਨ ਪੜ੍ਹ ਸਕਦੇ ਹਨ।**




**Finance Committee held on 08.11.2023 in Conference Room of BMSLF, Sector-30-A, Chandigarh.**



**Meeting of Construction sub-Commettee Held in Conference Room on 03.12.2023 for 'New Construction of BHAI LAKHI SHAH BLOCK in Bhawan of BMSLF, Sector-30-A, Chandigarh**

## ਸੁਭ ਅਨੰਦ ਕਾਰਜ



**JAGTEJ SINGH WEDS JASPREET KAUR**
**VPO MIANI**

## CONGRATULATIONS




ਅਪਕੀਰਤ ਸਿੰਘ ਮੁਲਤਾਨੀ ਦੋਹਤਾ ਸਵ. ਪ੍ਰਿੰ. ਟਹਿਲ ਸਿੰਘ

## Welcome of Nagar Kirtan at BMSL Foundation, Sector-30-A, Chandigarh on 25.11.2023 for PARKASH PURAB OF SHRI GURU NANAK DEV JI ON 27.11.2023







